**ਨਗਰ ਨਿਗਮ, ਬਠਿੰਡਾ।**

**ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 29.11.2024 ਨੂੰ ਸਵੇਰੇ 11.00 ਵਜੇ**

ਅੱਜ ਮਿਤੀ 11.11.2024 ਨੂੰ ਸਵੇਰੇ 11.00 ਵਜੇ ਸ੍ਰੀ ਅਸ਼ੋਕ ਕੁਮਾਰ, ਕਾਰਜਕਾਰੀ ਮੇਅਰ-ਕਮ-ਸੀਨੀਅਰ ਡਿਪਟੀ ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ੍ਰੀ/ਸ੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਸੁਖਦੇਵ ਸਿੰਘ | 4 | ਕੌਂਸਲਰ |
| 2 | ਹਰਪਾਲ ਸਿੰਘ ਢਿੱਲੋਂ | 8 | ਕੌਂਸਲਰ |
| 3 | ਵੀਰਪਾਲ ਕੋਰ | 9 | ਕੌਂਸਲਰ |
| 4 | ਬਲਜੀਤ ਸਿੰਘ ਸਰਾਂ | 10 | ਕੌਂਸਲਰ |
| 5 | ਗੁਰਿੰਦਰ ਕੋਰ | 11 | ਕੌਂਸਲਰ |
| 6 | ਅਸ਼ੇਸ਼ਰ ਪਾਸਵਾਨ | 12 | ਕੌਂਸਲਰ |
| 7 | ਗੁਰਦੇਵ ਕੌਰ ਸ਼ਿੰਦਾ | 13 | ਕੌਂਸਲਰ |
| 8 | ਮਨਜੀਤ ਕੋਰ | 15 | ਕੌਂਸਲਰ |
| 9 | ਮੱਖਣ ਸਿੰਘ | 20 | ਕੌਂਸਲਰ |
| 10 | ਸੰਤੋਸ਼ ਕੁਮਾਰੀ ਮਹੰਤ | 21 | ਕੌਂਸਲਰ |
| 11 | ਸੁਰੇਸ਼ ਚੋਹਾਨ | 22 | ਕੌਂਸਲਰ |
| 12 | ਕਿਰਨ ਰਾਣੀ | 23 | ਕੌਂਸਲਰ |
| 13 | ਕਮਲਜੀਤ ਕੋਰ | 25 | ਕੌਂਸਲਰ |
| 14 | ਸੰਦੀਪ ਕੁਮਾਰ | 26 | ਕੌਂਸਲਰ |
| 15 | ਉਸ਼ਾ ਗੋਇਲ | 27 | ਕੌਂਸਲਰ |
| 16 | ਰੀਨਾ ਗੁਪਤਾ | 29 | ਕੌਂਸਲਰ |
| 17 | ਪ੍ਰਵੀਨ ਗਰਗ | 31 | ਕੌਂਸਲਰ |
| 18 | ਜਸਵੀਰ ਸਿੰਘ | 34 | ਕੌਂਸਲਰ |
| 19 | ਰਮਨ ਗੋਇਲ | 35 | ਕੌਂਸਲਰ |
| 20 | ਹਰਵਿੰਦਰ ਸਿੰਘ | 36 | ਕੌਂਸਲਰ |
| 21 | ਆਤਮਾ ਸਿੰਘ | 40 | ਕੌਂਸਲਰ |
| 22 | ਕੁਲਵਿੰਦਰ ਕੋਰ | 41 | ਕੌਂਸਲਰ |
| 23 | ਸੁਖਰਾਜ ਸਿੰਘ ਔਲਖ | 42 | ਕੌਂਸਲਰ |
| 24 | ਅਨੀਤਾ ਗੋਇਲ | 43 | ਕੌਂਸਲਰ |
| 25 | ਰਾਜ ਰਾਣੀ | 45 | ਕੌਂਸਲਰ |
| 26 | ਰਤਨ ਰਾਹੀ | 46 | ਕੌਂਸਲਰ |
| 27 | ਮਮਤਾ | 47 | ਕੌਂਸਲਰ |
| 28 | ਕਮਲੇਸ਼ ਮਹਿਰਾ | 49 | ਕੌਂਸਲਰ |
| 29 | ਮਲਕੀਤ ਸਿੰਘ ਗਿੱਲ | 50 | ਕੌਂਸਲਰ |

ਮੀਟਿੰਗ ਦੀ ਸ਼ੁਰੂਆਤ ਵਿੱਚ ਕਾਰਜਕਾਰੀ ਮੇਅਰ-ਕਮ-ਸੀਨੀਅਰ ਡਿਪਟੀ ਮੇਅਰ, ਨਗਰ ਨਿਗਮ ਬਠਿੰਡਾ ਨੇ ਹਾਊਸ ਵਿੱਚ ਮੌਜੂਦ ਸਮੂਹ ਕੌਂਸਲਰ ਸਾਹਿਬਾਨ ਨੂੰ ਜੀ ਆਇਆ ਆਖਿਆ ਅਤੇ ਅੱਜ ਦੀ ਮੀਟਿੰਗ ਸ਼ੁਰੂ ਕਰਨ ਦੀ ਇਜਾਜਤ ਦਿੱਤੀ।

ਸ੍ਰੀਮਤੀ ਮਨਜੀਤ ਕੋਰ, ਕੌਂਸਲਰ ਨੇ ਕਿਹਾ ਕਿ ਅੱਜ ਦੀ ਮੀਟਿੰਗ ਦੇ ਏਜੰਡਾ ਨੰਬਰ 2 ਵਿੱਚ ਲੜੀ ਨੰਬਰ 12 ਤੇ ਦਰਜ਼ ਕੰਮ ਦੀ ਕੋਈ ਲੋੜ੍ਹ ਨਹੀਂ ਹੈ। ਉਹਨਾਂ ਇਸ ਕੰਮ ਨੂੰ ਰੱਦ ਕਰਨ ਦੀ ਮੰਗ ਕੀਤੀ। ਉਹਨਾਂ ਸ਼ਹਿਰ ਤੋਂ ਕੂੜ੍ਹਾ ਚੁੱਕਣ ਵਾਲੇ ਟਿੱਪਰਾਂ ਤੇ ਹੋਰ ਨਵੇਂ ਕਰਮਚਾਰੀ ਰੱਖਣ ਦਾ ਵੀ ਵਿਰੋਧ ਕੀਤਾ। ਉਹਨਾਂ ਕਿਹਾ ਕਿ ਨਗਰ ਨਿਗਮ ਵੱਲੋਂ ਨਵੇਂ ਬਣਾਏ ਗਏ ਬਲਵੰਤ ਗਾਰਗੀ ਆਡੀਟੋਰੀਅਮ ਵਿੱਚ ਨਾਟਕ ਸੰਸਥਾਂਵਾਂ ਵੱਲੋਂ ਕਰਵਾਏ ਜਾਣ ਵਾਲੇ ਨਾਟਕਾਂ ਸਬੰਧੀ ਆਡੀਟੋਰੀਅਮ ਦੀਆਂ ਬਣਦੀਆਂ ਫੀਸਾਂ ਮੁਆਫ ਨਾ ਕੀਤੀਆਂ ਜਾਣ।

ਸ੍ਰੀ ਹਰਪਾਲ ਸਿੰਘ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਗੁਰੂ ਤੇਗ ਬਹਾਦਰ ਨਗਰ ਦੀ ਗਲੀ ਨੰਬਰ 4,6 ਅਤੇ 20 ਵਿੱਚ ਸੀਵਰ ਦੀ ਪਿਛਲੇ 15-20 ਦਿਨਾਂ ਤੋ ਬਹੁਤ ਜਿਆਦਾ ਸਮੱਸਿਆ ਆ ਰਹੀ ਹੈ। ਤ੍ਰਿਵੇਣੀ ਕੰਪਨੀ ਪਾਸ ਜੈਟਿੰਗ ਮਸ਼ੀਨ ਨਾ ਹੋਣ ਕਾਰਨ ਕੰਮ ਨਹੀਂ ਕੀਤਾ ਜਾ ਰਿਹਾ। ਇਸਤੋਂ ਇਲਾਵਾ ਬੀਬੀ ਵਾਲਾ ਰੋਡ ਤੇ ਗਲੀ ਨੰਬਰ 3 ਤੋਂ 10 ਅਤੇ ਜੁਝਾਰ ਸਿੰਘ ਨਗਰ ਵਿੱਚ ਵੀ ਸੀਵਰ ਦੀ ਸਮੱਸਿਆ ਆ ਰਹੀ ਹੈ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਹਦਾਇਤ ਕੀਤੀ ਕਿ ਅੱਜ ਸ਼ਾਮ ਤੱਕ ਸੀਵਰ ਦੀ ਸਫਾਈ ਕਰਵਾਈ ਜਾਵੇ। ਸ੍ਰੀ ਹਰਪਾਲ ਸਿੰਘ, ਕੌਂਸਲਰ ਨੇ ਪਾਰਕ ਨੰਬਰ 40 ਦੀ ਸੜ੍ਹੀ ਹੋਈ ਮੋਟਰ ਬਦਲੀ ਜਾਵੇ। ਉਹਨਾਂ ਫੇਸ-3 ਵਿੱਚ ਬਣੇ ਪਬਲਿਕ ਟਾਇਲਟ ਦੀ ਸਫਾਈ ਲਈ ਲੋੜੀਂਦਾ ਸਮਾਨ ਵੀ ਮੁੱਹਈਆ ਕਰਵਾਉਣ ਦੀ ਮੰਗ ਕੀਤੀ। ਉਹਨਾਂ ਇਸ ਪਬਲਿਕ

ਟਾਇਲਟ ਦਾ ਦਰਵਾਜ਼ਾ ਵੀ ਪਿਛਲੇ ਪਾਸੇ ਕੱਢਣ ਦੀ ਮੰਗ ਵੀ ਕੀਤੀ। ਉਹਨਾਂ ਕਿਹਾ ਕਿ 3 ਪਾਰਟ 2 ਵਿੱਚ ਸਾਰਾ ਏਰੀਆ ਪੂਰੀ ਤਰ੍ਹਾਂ ਵਿਕਸਿਤ ਹੋ ਚੁੱਕਾ ਹੈ। ਉਹਨਾਂ ਇਸ ਸਕੀਮ ਦਾ ਸਰਵੇ ਕਰਵਾਉਣ ਦੀ ਵੀ ਮੰਗ ਕੀਤੀ।

ਸ਼੍ਰੀ ਮੱਖਣ ਸਿੰਘ, ਕੌਂਸਲਰ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ ਤੋਂ ਉਹਨਾਂ ਦੇ ਵਾਰਡ ਵਿੱਚ ਪੀਣ ਵਾਲੇ ਪਾਣੀ ਵਿੱਚ ਮਿਕਸਿੰਗ ਹੋਣ ਦੀ ਸਮੱਸਿਆ ਹੋਣ ਕਾਰਨ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਜਲਦ ਤੋਂ ਜਲਦ ਇਸ ਸਮੱਸਿਆ ਦਾ ਹੱਲ ਕਰਨ ਦੀ ਮੰਗ ਕੀਤੀ। ਉਹਨਾਂ ਇਹ ਵੀ ਕਿਹਾ ਕਿ ਅਮਰਪੁਰਾ ਬਸਤੀ ਦੀ ਗਲੀ ਨੰਬਰ 3 ਵਿੱਚ ਬਣੇ ਦੋ ਪਾਰਕਾਂ ਵਿੱਚ ਮਾਲੀ ਨਾ ਹੋਣ ਕਾਰਨ ਪਾਰਕਾਂ ਦਾ ਬੁਰਾ ਹਾਲ ਹੋ ਰਿਹਾ ਹੈ। ਉਹਨਾਂ ਇਹ ਵੀ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਜਲਦ ਤੋਂ ਜਲਦ ਸੀਵਰ ਦੀ ਡੀ-ਸਿਲਟਿੰਗ ਕਰਵਾਈ ਜਾਵੇ।

ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਸਾਰਾ ਹਾਊਸ ਸੀਵਰੇਜ਼ ਦੀ ਸਮੱਸਿਆ ਤੋਂ ਜੂਝ ਰਿਹਾ ਹੈ। ਪਰੰਤੂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਵਲੋਂ ਕਿਸੇ ਵੀ ਮੀਟਿੰਗ ਵਿੱਚ ਨਾ ਆਉਣ ਕਾਰਨ ਵੀ ਸਮੱਸਿਆ ਸੁਲਝਾਉਣ ਵਿੱਚ ਵੀ ਦਿੱਕਤ ਪੇਸ਼ ਆ ਰਹੀ ਹੈ। ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਨੇ ਕਿਹਾ ਕਿ ਜਿਸ ਵੀ ਅਧਿਕਾਰੀ/ ਕਰਮਚਾਰੀ ਵੱਲੋਂ ਕੰਮ ਨਹੀਂ ਕੀਤਾ ਜਾਂਦਾ, ਉਹਨਾਂ ਦੀ ਜਵਾਬ ਤਲਬੀ ਕੀਤੀ ਜਾਵੇ। ਸ਼੍ਰੀ ਸੁਖਰਾਜ ਸਿੰਘ ਔਲਖ, ਕੌਂਸਲਰ ਨੇ ਮੰਗ ਕੀਤੀ ਕਿ ਸੀਵਰੇਜ਼ ਸਬੰਧੀ ਸਮੂਹ ਕੌਂਸਲਰ ਸਾਹਿਬਾਨ ਨੂੰ ਆ ਰਹੀ ਸਮੱਸਿਆ ਦੇ ਹੱਲ ਲਈ ਨਗਰ ਨਿਗਮ ਵੱਲੋਂ ਇੱਕ ਵਟਸਐਪ ਗਰੁੱਪ ਬਣਾਇਆ ਜਾਵੇ ਤਾਂ ਜੋ ਹਰੇਕ ਕੌਂਸਲਰ ਸਾਹਿਬਾਨ ਨੂੰ ਆਪਣੇ ਵਾਰਡ ਵਿੱਚ ਸੀਵਰੇਜ਼ ਸਬੰਧੀ ਆ ਰਹੀਆਂ ਸਮੱਸਿਆਵਾਂ ਨੂੰ ਸਮੇਂ ਸਿਰ ਦਸਿਆ ਜਾ ਸਕੇ। ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਜਲਦ ਹੀ ਡੀ-ਸਿਲਟਿੰਗ ਦਾ ਸ਼ਡਿਊਲ ਬਣਾ ਕੇ ਸਮੂਹ ਕੌਂਸਲਰ ਸਾਹਿਬਾਨ ਪਾਸ ਭੇਜ ਦਿੱਤਾ ਜਾਵੇਗਾ, ਜਿਸ ਨਾਲ ਹਰ ਵਾਰਡ ਵਿੱਚ ਡੀ-ਸਿਲਟਿੰਗ ਸਬੰਧੀ ਆ ਰਹੀ ਸਮੱਸਿਆ ਦਾ ਹੱਲ ਕੀਤਾ ਜਾ ਸਕੇ।

ਸ਼੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਦੇ ਜੁਆਇਨ ਕਰਨ ਉਪਰੰਤ ਜਲਦੀ ਮੀਟਿੰਗ ਬੁਲਾਉਣ ਤੇ ਵਧਾਈ ਦਿੱਤੀ ਅਤੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਡੀ-ਸਿਲਟਿੰਗ ਦੀ ਲੋੜ੍ਹ ਹੈ। ਉਹਨਾਂ ਕਿਹਾ ਕਿ ਜੇਕਰ ਤ੍ਰਿਵੇਣੀ ਕੰਪਨੀ ਵੱਲੋਂ ਕੰਮ ਨਹੀਂ ਕੀਤਾ ਜਾਂਦਾ ਤਾਂ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਕਰਮਚਾਰੀ ਰੱਖ ਕੇ ਕੰਮ ਕਰਵਾ ਲਿਆ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਤ੍ਰਿਵੇਣੀ ਕੰਪਨੀ ਨਾਲ ਲਿਟੀਗੇਸ਼ਨ ਚੱਲ ਰਹੀ ਹੈ, ਜਿਸਦਾ ਫੈਸਲਾ ਅਗਲੇ ਮਹੀਨੇ ਤੱਕ ਹੋ ਜਾਵੇਗਾ। ਉਹਨਾਂ ਇਹ ਵੀ ਦਸਿਆ ਕਿ ਭੱਵਿਖ ਵਿੱਚ ਪਾਣੀ ਅਤੇ ਸੀਵਰੇਜ਼ ਸਬੰਧੀ ਸਮੱਸਿਆਂਵਾਂ ਦੇ ਹੱਲ ਲਈ ਨਗਰ ਨਿਗਮ ਵੱਲੋਂ ਮਸ਼ੀਨਰੀ ਦੀ ਖਰੀਦ ਕੀਤੀ ਜਾ ਰਹੀ ਹੈ। ਕਾਰਜਕਾਰੀ ਮੇਅਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਕਿਸੇ ਵੀ ਏਰੀਏ ਵਿੱਚ ਸੀਵਰੇਜ਼ ਸਬੰਧੀ ਸਮੱਸਿਆ ਦੇ ਹੱਲ ਲਈ ਨਗਰ ਨਿਗਮ ਵੱਲੋਂ 4 ਬਕੱਟ ਮਸ਼ੀਨਾਂ ਅਤੇ 2 ਜੈਟਿੰਗ ਮਸ਼ੀਨਾਂ ਦੀ ਖਰੀਦ ਕੀਤੀ ਜਾ ਰਹੀ ਹੈ। ਉਹਨਾਂ ਇਹ ਵੀ ਕਿਹਾ ਕਿ ਵਾਰ-ਵਾਰ ਕਹਿਣ ਦੇ ਬਾਵਜੂਦ ਬਠਿੰਡਾ ਦੀ ਸੁਪਰ ਸਕੱਰ ਮਸ਼ੀਨ ਗਿਦੜਬਾਹਾ ਤੋਂ ਵਾਪਸ ਨਾ ਲਿਆਉਣ ਕਾਰਨ ਸ਼ਹਿਰ ਵਿੱਚ ਸੀਵਰੇਜ਼ ਦੀਆਂ ਸਮੱਸਿਆਂਵਾਂ ਵਿੱਚ ਵਾਧਾ ਹੋ ਰਿਹਾ ਹੈ। ਉਹਨਾਂ ਜਲਦ ਤੋਂ ਜਲਦ ਸੁਪਰ ਸਕੱਰ ਮਸ਼ੀਨ ਬਠਿੰਡਾ ਵਾਪਸ ਲਿਆਉਣ ਦੀ ਮੰਗ ਕੀਤੀ।

ਸ਼੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਦਸਿਆ ਕਿ ਉੜਾਂਗ ਸਿਨੇਮਾ ਦੇ ਨਾਲ ਬਣੀ ਪਾਰਕ ਵਿੱਚ ਮੋਟਰ ਸੜ੍ਹ ਜਾਣ ਕਾਰਨ ਜਲਦ ਤੋਂ ਜਲਦ ਮੋਟਰ ਦੀ ਰਿਪੇਅਰ ਕਰਵਾਈ ਜਾਵੇ।

ਸ਼੍ਰੀ ਸੁਰੇਸ਼ ਚੋਹਾਨ, ਕੌਂਸਲਰ ਨੇ ਦਸਿਆ ਕਿ ਉਹਨਾਂ ਵੱਲੋਂ ਵਾਰ-ਵਾਰ ਹਰ ਮੀਟਿੰਗ ਵਿੱਚ ਕਿਹਾ ਜਾਂਦਾ ਹੈ ਕਿ ਸੰਜੇ ਨਗਰ ਵਿਖੇ ਪਾਰਕ ਵਿੱਚ ਆਰ.ਓ. ਪਿਛਲੇ ਲੰਬੇ ਸਮੇਂ ਤੋਂ ਬੰਦ ਪਿਆ ਹੈ। ਉਹਨਾਂ ਇਸ ਆਰ.ਓ ਨੂੰ ਹਟਾਉਣ ਅਤੇ ਕਮਰਾ ਢਾਹ ਕੇ ਪਾਰਕ ਦਾ ਹਿੱਸਾ ਬਨਾਉਣ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਆਰ.ਓ. ਲਈ ਬਣਾਇਆ ਗਿਆ ਕਮਰਾ ਦਰੁੱਸਤ ਰਹੇਗਾ। ਉਹਨਾਂ ਇਸ ਆਰ.ਓ. ਲਈ ਬੋਰ ਡੂੰਘਾ ਕਰਦੇ ਹੋਏ ਨਵੀਂ ਮਸ਼ੀਨ ਲਾਉਣ ਦੀ ਹਦਾਇਤ ਕੀਤੀ। ਸ਼੍ਰੀ ਸੁਰੇਸ਼ ਚੋਹਾਨ, ਕੌਂਸਲਰ ਨੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੂੰ ਸੰਜੇ ਟੋਭੇ ਤੇ ਵਿਜ਼ਿਟ ਕਰਨ ਦੀ ਬੇਨਤੀ ਕੀਤੀ। ਉਹਨਾਂ ਕਿਹਾ ਕਿ ਸੰਜੇ ਟੋਭੇ ਵਿੱਚ ਸੀਵਰੇਜ਼ ਦਾ ਗੰਦਾ ਪਾਣੀ ਭਰਨ ਕਾਰਨ ਸਾਰਾ ਪਾਣੀ ਸੜ੍ਹਕਾਂ ਤੇ ਆਉਣ ਨਾਲ ਲੋਕਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗੰਦੇ ਪਾਣੀ ਦੇ ਭਰਨ ਕਾਰਨ ਲੋਕਾਂ ਦੇ ਮਕਾਨਾਂ ਵਿੱਚ ਤਰੇੜਾਂ ਆ ਰਹੀਆਂ ਹਨ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਨਗਰ ਨਿਗਮ ਵੱਲੋਂ ਥਰਮਲ ਪਲਾਂਟ ਪਾਸੋਂ ਨਵਾਂ ਐਸ.ਟੀ.ਪੀ., ਨਵਾਂ ਵਾਟਰ ਟਰੀਟਮੈਂਟ ਪਲਾਂਟ ਲਗਾਉਣ ਖਾਤਰ ਜਗ੍ਹਾ ਲੈਣ ਦੀ ਤਜਵੀਜ ਹੈ। ਜਗ੍ਹਾ ਮਿਲਣ ਉਪਰੰਤ ਉਕਤ ਸਮੱਸਿਆ ਦਾ ਵੀ ਹੱਲ ਹੋ ਜਾਵੇਗਾ।

ਸ਼੍ਰੀ ਸੁਰੇਸ਼ ਚੋਹਾਨ, ਕੌਂਸਲਰ ਨੇ ਦਸਿਆ ਕਿ ਨਗਰ ਨਿਗਮ ਦੇ ਏਜੰਡਾ ਨੰਬਰ 2, ਮਤਾ ਨੰਬਰ 44 ਮਿਤੀ 10.11.2016 ਰਾਹੀਂ ਮੁਬਲਿਗ 9.82 ਲੱਖ ਰੁਪਏ ਦਾ ਤਖਮੀਨਾ ਪਾਸ ਕੀਤਾ ਹੋਇਆ ਹੈ। ਉਹਨਾਂ ਇਸ ਤਖਮੀਨੇ ਵਿੱਚ ਦਰਜ਼ ਜਗ੍ਹਾ ਨੂੰ ਬਦਲਦੇ ਹੋਏ ਭਗਵਾਨ ਵਾਲਮੀਕਿ ਕੰਮਿਊਨਿਟੀ ਹਾਲ ਦੇ ਨੇੜੇ ਉਕਤ ਦਰਸ਼ਨੀ ਗੇਟ ਬਨਾਉਣ ਦੀ ਮੰਗ ਕੀਤੀ।

ਸ਼੍ਰੀ ਸੁਰੇਸ਼ ਚੋਹਾਨ, ਕੌਂਸਲਰ ਨੇ ਦਸਿਆ ਕਿ ਸੰਜੇ ਟੋਭੇ ਦੇ ਸੁੰਦਰੀਕਰਨ ਖਾਤਰ 4.28 ਕਰੋੜ੍ਹ ਰੁਪਏ ਦਾ ਤਖਮੀਨਾ ਪਾਸ ਕੀਤਾ ਗਿਆ ਸੀ, ਜਿਸ ਵਿੱਚੋਂ ਤਕਰੀਬਨ 38.00 ਲੱਖ ਰੁਪਏ ਹੀ ਖਰਚਾ ਕੀਤਾ ਗਿਆ ਹੈ। ਉਹਨਾਂ ਪੁੱਛਿਆ ਕਿ ਕੀ ਬਾਕੀ ਦੇ ਪੈਸੇ ਉਸੇ ਜਗ੍ਹਾ ਖਰਚ ਕੀਤੇ ਜਾਣਗੇ ਤਾਂ ਦਫਤਰ ਵੱਲੋਂ ਦਸਿਆ ਗਿਆ ਕਿ ਇਹ ਪੈਸੇ ਉਸੇ ਜਗ੍ਹਾ ਹੀ ਖਰਚ ਕੀਤੇ ਜਾਣਗੇ।

ਸ਼੍ਰੀ ਆਤਮਾ ਸਿੰਘ, ਕੌਂਸਲਰ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਕਰੋੜ੍ਹਾਂ ਰੁਪਏ ਦੀ ਲਾਗਤ ਨਾਲ ਬਲਵੰਤ ਗਾਰਗੀ ਆਡੀਟੋਰੀਅਮ ਬਣਾਇਆ ਗਿਆ ਹੈ। ਉਹਨਾਂ ਕਿਹਾ ਕਿ ਇਹ ਆਡੀਟੋਰੀਅਮ ਨਗਰ ਨਿਗਮ ਲਈ ਕੱਲ ਨੂੰ ਚਿੱਟਾ ਹਾਥੀ ਸਾਬਤ ਨਾ ਹੋਵੇ, ਇਸ ਲਈ ਯੋਗ ਹੋਵੇਗਾ ਕਿ ਇਸਦਾ ਪ੍ਰਬੰਧ ਸੁੱਚਜੇ ਢੰਗ ਨਾਲ ਕੀਤਾ ਜਾਵੇ।

ਉਹਨਾਂ ਆਪਣੇ ਵਾਰਡ ਵਿੱਚ ਆ ਰਹੀਆਂ ਕੂੜ੍ਹਾ, ਪਾਣੀ ਅਤੇ ਸੀਵਰੇਜ਼ ਸਬੰਧੀ ਸਮੱਸਿਆਵਾਂ ਬਾਰੇ ਵੀ ਜਾਣੂ ਕਰਵਾਇਆ। ਉਹਨਾਂ ਇਹ ਵੀ ਕਿਹਾ ਕਿ ਪਿਛਲੇ 8-9 ਮਹੀਨੇ ਤੋਂ ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਖਾਲੀ ਪਈ ਸੀਟ ਨੂੰ ਵੀ ਜਲਦ ਤੋਂ ਜਲਦ ਭਰਿਆ ਜਾਵੇ ਅਤੇ ਆਪਣੇ ਆਪ ਨੂੰ ਉਸ ਸੀਟ ਦਾ ਉਮੀਦਵਾਰ ਹੋਣ ਦੀ ਗੱਲ ਕਹੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਸਰਕਾਰ ਪਾਸ ਇਸ ਸਬੰਧੀ ਲਿਖ ਕੇ ਭੇਜਿਆ ਹੋਇਆ ਹੈ। ਜਵਾਬ ਆਉਣ ਤੇ ਬਣਦੀ ਕਾਰਵਾਈ ਕਰ ਦਿੱਤੀ ਜਾਵੇਗੀ। ਉਹਨਾਂ ਇਹ ਵੀ ਕਿਹਾ ਕਿ ਨਗਰ ਨਿਗਮ ਦੀ ਕਈ ਸਮਾਜਿਕ ਜ਼ਿੰਮੇਵਾਰੀਆਂ ਵੀ ਹਨ। ਇਹ ਆਡੀਟੋਰੀਅਮ ਨਵੀਂ ਪੀੜੀ ਲਈ ਤਿਆਰ ਕੀਤਾ ਗਿਆ ਹੈ, ਜਿਸ ਕਾਰਨ ਵਿਦਿਆਰਥੀਆਂ ਤੋਂ ਪੈਸੇ ਨਹੀਂ ਲਏ ਜਾ ਸਕਦੇ। NZCC ਵੱਲੋਂ ਲੱਖਾਂ ਰੁਪਏ ਖਰਚ ਕਰਕੇ ਨਾਰਥ ਈਸਟ, ਕਸ਼ਮੀਰ, ਯੂ.ਪੀ. ਰਾਜਸਥਾਨ ਆਦਿ ਰਾਜਾਂ ਤੋਂ ਆਰਟੀਸਟ ਲਿਆ ਕੇ ਨਾਟਕ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਇਹ ਆਡੀਟੋਰੀਅਮ ਸਾਰਿਆਂ ਨੇ ਰੱਲ ਮਿਲ ਕੇ ਚਲਾਉਣਾ ਹੈ। ਉਹਨਾਂ ਵਪਾਰ ਨਾਲ ਸਬੰਧਤ ਕੌਂਸਲਰ ਸਾਹਿਬਾਨ ਅਤੇ ਸਾਥੀਆਂ ਨੂੰ ਵੱਧ ਤੋਂ ਵੱਧ ਆਡੀਟੋਰੀਅਮ ਵਿਖੇ ਪ੍ਰੋਗਰਾਮ ਕਰਵਾਉਣ ਅਤੇ ਚਲਾਉਣ ਲਈ ਕਿਹਾ।

ਸ਼੍ਰੀ ਸੁਖਰਾਜ ਸਿੰਘ ਔਲਖ, ਕੌਂਸਲਰ ਨੇ ਭਗਵਤੀ ਇਨਕਲੈਵ ਤੋਂ ਅੱਗੇ ਬੰਦ ਪਈਆਂ ਸਟਰੀਟ ਲਾਈਟਾਂ ਨੂੰ ਚਾਲੂ ਕਰਨ ਦੀ ਮੰਗ ਕੀਤੀ। ਉਹਨਾਂ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਵੀ ਸੀਵਰੇਜ਼ ਦੀ ਬਹੁਤ ਜਿਆਦਾ ਸਮੱਸਿਆ ਆਉਣ ਕਾਰਨ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਸੜ੍ਹਕਾਂ ਤੇ ਪਏ ਖੱਡਿਆਂ ਨੂੰ ਪੇਚ ਵਰਕ ਲਗਾ ਕੇ ਬੰਦ ਕਰਨ ਦੀ ਮੰਗ ਕੀਤੀ।

ਸ੍ਰੀ ਰਤਨ ਰਾਹੀ, ਕੌਂਸਲਰ ਨੇ ਪਿਛਲੇ ਦਿਨੀ ਫੌਗਿੰਗ ਮਸ਼ੀਨ ਵਿੱਚੋਂ ਤੇਲ ਕੱਢਣ ਸਬੰਧੀ, ਜੋਗਰ ਪਾਰਕ ਵਿੱਚ ਨਵਾਂ ਬਾਥਰੂਮ ਬਨਾਉਣ ਸਬੰਧੀ, ਜੋਗੀ ਨਗਰ ਟਿੱਬੇ ਵਾਲੇ ਪਾਰਕ ਵਿੱਚ ਨਵਾਂ ਜਿੰਮ ਲਗਾਉਣ ਸਬੰਧੀ ਅਤੇ ਗਲੀ ਨੰਬਰ 12/1 ਤੋਂ ਲੈ ਕੇ ਗਲੀ ਨੰਬਰ 12/9 ਤੱਕ ਗੰਦੇ ਪਾਣੀ ਦੀ ਨਿਕਾਸੀ ਕਰਨ ਖਾਤਰ ਮੰਗ ਪੱਤਰ ਦਿੱਤੇ ਅਤੇ ਕਿਹਾ ਕਿ ਜਲਦ ਤੋਂ ਜਲਦ ਉਕਤ ਸਬੰਧੀ ਬਣਦੀ ਕਾਰਵਾਈ ਕੀਤੀ ਜਾਵੇ।

ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਨੇ ਕਿਹਾ ਕਿ ਹਾਊਸ ਦੇ ਜੀਰੋ ਆਵਰ ਵਿੱਚ ਕੌਂਸਲਰ ਸਾਹਿਬਾਨ ਪਾਸੋਂ ਕਹੀਆਂ ਗੱਲਾਂ ਤੇ ਕਾਰਵਾਈ ਵੀ ਕੀਤੀ ਜਾਵੇ। ਜੇਕਰ ਅਫਸਰਾਂ ਤੇ ਸਖਤੀ ਕੀਤੀ ਜਾਵੇ ਤਾਂ ਬਠਿੰਡਾ ਨੂੰ 1 ਨੰਬਰ ਤੇ ਆਉਣ ਤੋਂ ਰੋਕਿਆ ਨਹੀਂ ਜਾ ਸਕਦਾ। ਉਹਨਾਂ ਕਿਹਾ ਕਿ ਉਹ ਤ੍ਰਿਵੇਣੀ ਕੰਪਨੀ ਦੇ ਖਿਲਾਫ ਕਾਰਵਾਈ ਕਰਨ ਖਾਤਰ ਲਿਖ ਕੇ ਦੇਣ ਨੂੰ ਵੀ ਤਿਆਰ ਹਨ। ਉਹਨਾਂ ਸੀਵਰੇਜ਼ ਦੀ ਸਮੱਸਿਆ ਦੇ ਹੱਲ ਲਈ ਜਲਦ ਤੋਂ ਜਲਦ ਲੋੜੀਂਦੀ ਮਸ਼ੀਨਰੀ ਖਰੀਦ ਕਰਨ ਦੀ ਮੰਗ ਕੀਤੀ। ਉਹਨਾਂ ਇਹ ਵੀ ਕਿਹਾ ਕਿ ਪਿਛਲੀ ਮੀਟਿੰਗ ਦੌਰਾਨ ਸ਼੍ਰੀ ਮਲਕੀਤ ਸਿੰਘ ਗਿੱਲ, ਕੌਂਸਲਰ ਵੱਲੋਂ ਆਰਿਆ ਸਮਾਜ ਚੌਂਕ ਤੋਂ ਲੈ ਕੇ ਕਿਲਾ ਮੁਬਾਰਕ ਗੁਰਦੁਆਰਾ ਸਾਹਿਬ ਤੱਕ ਸੜ੍ਹਕ ਚੌੜੀ ਕਰਨ ਸਬੰਧੀ ਉਠਾਏ ਗਏ ਮੁੱਦੇ ਸਬੰਧੀ ਵੀ ਜਲਦ ਤੋਂ ਜਲਦ ਕਾਰਵਾਈ ਕਰਨ ਦੀ ਮੰਗ ਕੀਤੀ। ਉਹਨਾਂ ਕਿਹਾ ਕਿ ਮਹਿਤਾ ਹੋਟਲ ਦੀ ਬੈਕ ਸਾਇਡ 3-4 ਫੁੱਟ ਭੀੜੀ ਗਲੀ ਵਿੱਚ ਬੰਦ ਪਏ ਸੀਵਰ ਨੂੰ ਜਲਦ ਤੋਂ ਜਲਦ ਖੋਲਿਆ ਜਾਵੇ। ਉਹਨਾਂ ਇਸ ਗਲੀ ਦੀ ਸੀਵਰ ਵਿੱਚੋਂ ਛੋਟੀਆਂ ਗੱਡੀਆਂ ਰਾਹੀਂ ਗਾਰ ਕਢਵਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਦਸਿਆ ਕਿ ਨਗਰ ਨਿਗਮ ਵੱਲੋਂ ਮਿੰਨੀ ਸਕੱਤਰੇਤ ਰੋਡ ਦੀ ਗਲੀ ਨੰਬਰ 7 ਵਿੱਚ ਨਜਾਇਜ ਕੀਤੀ ਜਾ ਰਹੀ ਉਸਾਰੀ ਨੂੰ ਢਾਹਿਆ ਗਿਆ ਸੀ। ਹੁਣ ਉਸਾਰੀਕਰਤਾ ਵੱਲੋਂ ਇਸ ਜਗ੍ਹਾ ਕੱਚੀਆਂ ਇੱਟਾਂ ਲਗਾ ਕੇ ਕੰਧ ਕੀਤੀ ਜਾ ਰਹੀ ਹੈ। ਉਹਨਾਂ ਇਸ ਸਬੰਧੀ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਹਦਾਇਤ ਕੀਤੀ ਕਿ ਸ਼ਹਿਰ ਵਿੱਚ ਕਿਸੇ ਵੀ ਜਗ੍ਹਾ ਅਣਅਧਿਕਾਰਤ ਉਸਾਰੀ ਢਾਉਣ ਉਪਰੰਤ ਉਸ ਜਗ੍ਹਾ ਪਿਆ ਮਲਬਾ ਵੀ ਉਸੇ ਸਮੇਂ ਨਗਰ ਨਿਗਮ ਵੱਲੋਂ ਚੁੱਕਿਆ ਜਾਵੇ। ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਨੇ ਕਿਹਾ ਕਿ ਹਾਊਸ ਵੱਲੋਂ ਸ਼ਹਿਰ ਵਿੱਚ ਸੀਵਰੇਜ਼ ਸਬੰਧੀ ਆ ਰਹੀਆਂ ਸਮੱਸਿਆਂਵਾਂ ਦੇ ਹੱਲ ਲਈ ਕੌਂਸਲਰ ਸਾਹਿਬਾਨ ਦੀ ਸਬ-ਕਮੇਟੀ ਬਣਾਈ ਗਈ ਸੀ। ਇਸ ਸਬ-ਕਮੇਟੀ ਦੀ ਮੀਟਿੰਗ ਦੌਰਾਨ ਸਬੰਧਤ ਮੈਂਬਰ ਸਾਹਿਬਾਨ ਵੱਲੋਂ ਡਾਟਾ ਦੀ ਮੰਗ ਕੀਤੀ ਗਈ ਸੀ। ਪਰੰਤੂ ਸਬੰਧਤ ਸ਼ਾਖਾ ਵੱਲੋਂ ਡਾਟਾ ਨਾ ਦਿੰਦੇ ਹੋਏ ਉਸ ਸਬ-ਕਮੇਟੀ ਦੀ ਮੀਟਿੰਗ ਵੀ ਨਹੀਂ ਬੁਲਾਈ ਜਾ ਰਹੀ। ਉਹਨਾਂ ਇਸ ਸਬੰਧੀ ਜਲਦ ਤੋਂ ਜਲਦ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ। ਉਹਨਾਂ ਆਡੀਟੋਰੀਅਮ ਵਿਖੇ ਚੱਲ ਰਹੇ ਨਾਟਕਾਂ ਸਬੰਧੀ ਬਣਦੀਆਂ ਫੀਸਾਂ ਵਿੱਚੋਂ ਅੱਧੀਆਂ ਫੀਸਾਂ ਮਾਫ ਕਰਨ ਦੀ ਮੰਗ ਕੀਤੀ।

ਸ਼੍ਰੀ ਹਰਵਿੰਦਰ ਸਿੰਘ, ਕੌਂਸਲਰ ਨੇ ਪਰਸ ਰਾਮ ਨਗਰ ਵਿਖੇ ਦਰਸ਼ਨੀ ਗੇਟ ਜਲਦ ਤੋਂ ਜਲਦ ਬਨਾਉਣ ਦੀ ਮੰਗ ਕੀਤੀ। ਉਹਨਾਂ ਕਿਹਾ ਕਿ ਸ਼ਹਿਰ ਵਿੱਚੋਂ ਕੂੜ੍ਹਾ ਕੂਲੈਕਸ਼ਨ ਲਈ ਲਗਾਏ ਗਏ ਟਿੱਪਰਾਂ ਤੇ ਸਾਊਂਡ ਸਿਸਟਮ ਲਗਾਉਣ ਨਾਲ ਬਹੁਤ ਸੁਧਾਰ ਹੋਇਆ ਹੈ। ਉਹਨਾਂ ਨਗਰ ਨਿਗਮ ਵੱਲੋਂ ਬਣਾਏ ਗਏ ਬਲਵੰਤ ਗਾਰਗੀ ਆਡੀਟੋਰੀਅਮ ਸਬੰਧੀ ਸ਼੍ਰੀ ਬਲਵੰਤ ਗਾਰਗੀ ਜੀ ਦਾ ਇਤਿਹਾਸ ਦਸਦੇ ਹੋਏ ਕਿਹਾ ਕਿ ਇਸ ਨਾਲ ਆਉਣ ਵਾਲੀ ਪੀੜੀ ਨੂੰ ਸਟੇਜ਼ ਨਾਲ ਜੋੜ੍ਹਨ ਵਿੱਚ ਸਹਾਇਤਾ ਮਿਲੇਗੀ ਅਤੇ ਉਹਨਾਂ ਵਿੱਚ ਇਤਿਹਾਸ ਬਾਰੇ ਚੇਤਨਤਾ ਵੀ ਵਧੇਗੀ। ਕਿਉਂਕਿ ਸ਼੍ਰੀ ਬਲਵੰਤ ਗਾਰਗੀ ਜੀ ਬਠਿੰਡਾ ਜਿਲੇ ਵਿੱਚ ਉਸ ਸਮੇਂ ਪੈਂਦੇ ਸੈਣਾ ਪਿੰਡ ਦੇ ਜਮਪਲ ਸਨ ਅਤੇ ਉਹਨਾਂ ਨੂੰ ਪੜ੍ਹਾਈ ਅਤੇ ਨਾਟਕਾਂ ਵਿੱਚ ਬਹੁਤ ਜਿਆਦਾ ਰੁਚੀ ਸੀ। ਜਦੋਂ ਕਿ ਉਸ ਸਮੇਂ ਪੰਜਾਬ ਦੇ ਪਿੰਡਾਂ ਵਿੱਚ ਸਕੂਲ ਨਹੀਂ ਸਨ ਹੁੰਦੇ, ਉਸ ਸਮੇਂ ਬੱਚਿਆਂ ਨੂੰ ਗੁਰੂਘਰਾਂ ਵਿੱਚ ਗੁਰੂਘਰਾਂ ਦੇ ਪਾਠੀਆਂ ਵੱਲੋਂ ਮੁੱਢਲੀ ਸਿੱਖਿਆ ਦਿੱਤੀ ਜਾਂਦੀ ਸੀ। ਉਹਨਾਂ ਯਾਦ ਕਰਵਾਇਆ ਕਿ ਇਹ ਬਠਿੰਡਾ ਜਿਲੇ ਦੇ ਪਹਿਲੇ ਵਿਅਕਤੀ ਸਨ, ਜਿੰਨਾਂ ਨੇ ਆਪਣੀ ਪੜ੍ਹਾਈ ੧ੳ ਤੋਂ ਸ਼ੁਰੂ ਕੀਤੀ ਸੀ ਅਤੇ ਬਾਅਦ ਵਿੱਚ ਉਹ ਸਾਹਿਤ ਦੇ ਖੇਤਰ ਵਿੱਚ ਇੰਨੀ ਪ੍ਰਸਿਧੀ ਹਾਸਲ ਕੀਤੀ ਕਿ ਉਹਨਾਂ ਨੂੰ ਸਾਹਿਤ ਅਕਾਦਮੀ ਪੰਜਾਬ ਅਤੇ ਉਹਨਾਂ ਨੂੰ ਪਦਮ ਸ਼੍ਰੀ ਅਵਾਰਡ ਨਾਲ ਸਾਲ 1972 ਵਿੱਚ ਸਨਮਾਨਤ ਕੀਤਾ ਗਿਆ। ਇਹ ਉਸ ਨਾਮਵਰ ਸ਼ਖਸੀਅਤ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ, ਜੇਕਰ ਇਸ ਵਿੱਚ ਭਾਈਚਾਰਕ ਸਾਂਝ ਸਬੰਧੀ ਕਰਵਾਏ ਜਾਣ ਵਾਲੇ ਨਾਟਕਕਾਰਾਂ ਨੂੰ ਫੀਸਾਂ ਤੋਂ ਛੋਟ ਦੇ ਦਿੱਤੀ ਜਾਵੇ। ਉਹਨਾਂ ਕਿਹਾ ਕਿ ਪਿਛਲੇ ਦਿਨੀ ਨਗਰ ਨਿਗਮ ਵੱਲੋਂ ਜੋ ਫਰੂਟ ਮਾਰਕੀਟ ਵਿੱਚੋਂ ਨਜਾਇਜ ਕਬਜੇ ਹਟਾਏ ਗਏ ਹਨ, ਉਸ ਨਾਲ ਆਮ ਪਬਲਿਕ ਨੂੰ ਬਹੁਤ ਜਿਆਦਾ ਰਾਹਤ ਮਿਲੀ ਹੈ। ਉਹਨਾਂ ਬੇਨਤੀ ਕੀਤੀ ਕਿ ਅਜਿਹੇ ਕਬਜੇ ਦੁਬਾਰਾ ਨਾ ਹੋਣ ਦਿੱਤੇ ਜਾਣ।

ਸ਼੍ਰੀਮਤੀ ਕਮਲੇਸ਼ ਮਹਿਰਾ, ਕੌਂਸਲਰ ਨੇ ਸੰਤਪੁਰਾ ਰੋਡ ਤੇ ਪਾਣੀ ਅਤੇ ਸੀਵਰ ਦੀਆਂ ਪਾਈਪਾਂ ਪਾਉਣ ਦੀ ਮੰਗ ਕੀਤੀ। ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਕਿਸੇ ਵੀ ਇਲਾਕੇ ਵਿੱਚ ਸੀਵਰੇਜ਼ ਦੀ ਸਮੱਸਿਆ ਦੇ ਹੱਲ ਸਬੰਧੀ ਸ਼ਡਿਊਲ ਜਾਰੀ ਕੀਤਾ ਜਾਵੇਗਾ। ਉਹਨਾਂ ਦਸਿਆ ਕਿ ਸੰਤਪੁਰਾ ਰੋਡ ਤੇ ਪਾਣੀ ਅਤੇ ਸੀਵਰੇਜ਼ ਦੀਆਂ ਪਾਈਪਾਂ ਅੰਮ੍ਰਿਤ ਸਕੀਮ ਅਧੀਨ ਪਾਈਆਂ ਜਾਣਗੀਆਂ। ਸ਼੍ਰੀਮਤੀ ਕਮਲੇਸ਼ ਮਹਿਰਾ, ਕੌਂਸਲਰ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਵਹੀਕਲਜ਼ ਦੀ ਰਿਪੇਅਰ ਲਈ ਆਪਣੀ ਵਰਕਸ਼ਾਪ ਬਣਾਈ ਜਾਵੇ। ਇਸਤੇ ਕਮਿਸ਼ਨਰ ਸਾਹਿਬ ਨੇ ਨਗਰ ਨਿਗਮ ਦੇ ਪੱਧਰ ਤੇ ਦੋ ਮੈਕੇਨਿਕ ਰੱਖਣ ਦੀ ਹਦਾਇਤ ਕੀਤੀ। ਸ਼੍ਰੀਮਤੀ ਕਮਲੇਸ਼ ਮਹਿਰਾ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਲੁੱਕ ਪਾਉਣ ਸਮੇਂ ਮੇਨਹੋਲਾਂ ਦੇ ਢੱਕਣ ਪਹਿਲਾਂ ਹੀ ਉੱਚੇ ਕੀਤੇ ਜਾਣ। ਉਹਨਾਂ ਇਹ ਵੀ ਕਿਹਾ ਕਿ ਨਗਰ ਨਿਗਮ ਵਿਖੇ ਆਉਟਸੋਰਸ ਤੇ ਕੰਮ ਕਰ ਰਹੇ ਮੁਲਾਜ਼ਮਾਂ ਦੀ ਤਨਖਾਹ ਬਹੁਤ ਹੀ ਘੱਟ ਹੈ। ਉਹਨਾਂ ਇਹਨਾਂ ਦੀ ਤਨਖਾਹ ਵਧਾਉਣ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਇਸ ਸਬੰਧੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੀ ਤਨਖਾਹ ਦਿੱਤੀ ਜਾ ਰਹੀ ਹੈ। ਉਹਨਾਂ ਰੋਜ਼ ਗਾਰਡਨ ਪਾਸ ਮਾਸ ਮੱਛੀ ਵੇਚਣ ਵਾਲਿਆਂ ਨੂੰ ਕਿਸੇ ਹੋਰ ਜਗ੍ਹਾ ਸ਼ਿਫਟ ਕਰਨ ਦੀ ਵੀ ਮੰਗ ਕੀਤੀ।

ਸ਼੍ਰੀਮਤੀ ਪ੍ਰਵੀਨ ਗਰਗ, ਕੌਂਸਲਰ ਨੇ ਕਿਹਾ ਕਿ ਸੀਵਰੇਜ਼ ਦੀ ਸਫਾਈ ਕਰਨ ਉਪਰੰਤ ਗਾਰਬੇਜ਼ ਵੀ ਜਲਦ ਤੋਂ ਜਲਦ ਚੁੱਕਿਆ ਜਾਵੇ। ਉਹਨਾਂ ਪਾਰਕਾਂ ਦੇ ਡਸਟਬੀਨ ਵੀ ਸਾਫ ਕਰਨ ਅਤੇ ਲਾਈਟਾਂ ਦੀ ਰਿਪੇਅਰ ਕਰਵਾਉਣ ਦੀ ਮੰਗ ਕੀਤੀ।

ਸ਼੍ਰੀਮਤੀ ਅਨੀਤਾ ਗੋਇਲ, ਕੌਂਸਲਰ ਨੇ ਆਪਣੇ ਵਾਰਡ ਵਿੱਚ ਸੀਵਰੇਜ਼ ਦੀ ਡੀ-ਸਿਲਟਿੰਗ ਕਰਵਾਉਣ ਦੀ ਮੰਗ ਕੀਤੀ।

ਸ਼੍ਰੀਮਤੀ ਕੁਲਵਿੰਦਰ ਕੋਰ, ਕੌਂਸਲਰ ਨੇ ਆਪਣੇ ਵਾਰਡ ਵਿੱਚ ਆ ਰਹੀ ਸੀਵਰੇਜ਼ ਦੀ ਸਮੱਸਿਆ ਬਾਰੇ ਦੱਸਦੇ ਹੋਏ ਜਲਦ ਤੋਂ ਜਲਦ ਇਸਦਾ ਹੱਲ ਕਰਨ ਦੀ ਮੰਗ ਕੀਤੀ। ਉਹਨਾਂ ਇਸ ਸਬੰਧੀ ਮੰਗ ਪੱਤਰ ਦਿੰਦੇ ਹੋਏ ਕਿਹਾ ਕਿ ਵਾਰਡ ਨੰਬਰ 41 ਦੀ ਗਲੀ ਨੰਬਰ 29 ਤੋਂ 36 ਤੱਕ ਅਕਸਰ ਹੀ ਸੀਵਰੇਜ਼ ਬਲੋਕ ਰਹਿੰਦਾ ਹੈ। ਇੱਥੇ ਇੱਕ ਸਕੂਲ ਹੈ, ਜਿੱਥੇ ਅਕਸਰ ਹੀ ਸੀਵਰੇਜ਼ ਦੇ ਗੰਦੇ ਪਾਣੀ ਵਿੱਚੋਂ ਲੰਘ ਕੇ ਸਕੂਲ ਪਹੁੰਦੇ ਹਨ। ਇੱਥੋਂ ਦੇ ਵਸਨੀਕ ਗੰਭੀਰ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਰੋਜ਼ਾਨਾ ਸੀਵਰੇਜ਼ ਓਵਰਫਲੌ ਹੋਣ ਕਾਰਨ ਹਾਦਸੇ ਹੁੰਦੇ ਹਨ। ਉਹਨਾਂ ਬੇਨਤੀ ਕੀਤੀ ਕਿ ਗਲੀ ਨੰਬਰ 29 ਤੋਂ 36 ਤੱਕ ਸੀਵਰੇਜ਼ ਦੀ ਪਾਈਪਲਾਈਨ ਨੂੰ ਚਾਲੂ ਕੀਤਾ ਜਾਵੇ ਜਾਂ ਫਿਰ ਨਵੀਂ 12 ਇੰਚੀ ਸੀਵਰੇਜ਼ ਲਾਈਨ ਪਾਈ ਜਾਵੇ।

ਸ਼੍ਰੀਮਤੀ ਕੁਲਵਿੰਦਰ ਕੋਰ, ਕੌਂਸਲਰ ਨੇ ਇੱਕ ਹੋਰ ਮੰਗ ਪੱਤਰ ਦਿੰਦੇ ਹੋਏ ਬੇਨਤੀ ਕੀਤੀ ਕਿ ਨਗਰ ਨਿਗਮ ਬਠਿੰਡਾ ਨੇ ਕੂੜ੍ਹਾ ਪਲਾਂਟ ਲਗਾਉਣ ਲਈ ਮੰਡੀ ਖੁਰਦ ਵਿਖੇ ਜਮੀਨ ਲਈ ਸੀ। ਪਿੰਡ ਵਾਸੀਆਂ ਦੇ ਵਿਰੋਧ ਕਾਰਨ ਕੂੜ੍ਹਾ ਪਲਾਂਟ ਨਹੀਂ ਲੱਗ ਸਕਿਆ। ਇਸ ਜਮੀਨ ਉਪਰ ਪਿੰਡ ਦੇ ਕੁੱਝ ਲੋਕਾਂ ਵੱਲੋਂ ਨਜਾਇਜ ਤੋਰ ਤੇ ਕਬਜਾ ਕਰਕੇ ਰੱਖਿਆ ਹੈ। ਲੋਕ ਵਾਹੀ ਕਰ ਰਹੇ ਹਨ। ਇਹ ਜਮੀਨ ਕਰੋੜ੍ਹਾਂ ਰੁਪਏ ਦੀ ਹੈ। ਨਗਰ ਨਿਗਮ ਜੇਕਰ ਆਪਣੇ ਪੱਧਰ ਤੇ ਜਮੀਨ ਨੂੰ ਠੇਕੇ ਤੇ ਦੇਵੇ ਤਾਂ ਵੀ ਸਾਲ ਦਾ ਲਗਭਗ 10 ਲੱਖ ਰੁਪਏ ਠੇਕਾ ਆ ਸਕਦਾ ਹੈ। ਇਹ ਸਿੱਧਾ ਨਗਰ ਨਿਗਮ ਦੀ ਜੇਬ ਉਪਰ ਡਾਕਾ ਹੈ। ਉਹਨਾਂ ਬੇਨਤੀ ਕੀਤੀ ਕਿ ਉਕਤ ਜਮੀਨ ਨੂੰ ਕਬਜੇ ਅਧੀਨ ਲੈ ਕੇ ਇਸ ਜਮੀਨ ਦੀ ਤਾਰਬੰਦ ਕੀਤੀ ਜਾਵੇ ਜਾਂ ਚਾਰਦੀਵਾਰੀ ਕੀਤੀ ਜਾਵੇ। ਉਕਤ ਮੱਦ ਨੂੰ 3-4 ਵਾਰ ਜਨਰਲ ਹਾਊਸ ਦੀ ਮੀਟਿੰਗ ਵਿੱਚ ਵੀ ਵਿਚਾਰਿਆ ਗਿਆ ਹੈ ਅਤੇ ਹਾਊਸ ਵਿੱਚ ਉਕਤ ਜਮੀਨ ਦਾ ਕਬਜਾ ਲੈਣ ਲਈ ਮਤਾ ਵੀ ਪਾਸ ਕੀਤਾ ਜਾ ਚੁੱਕਿਆ ਹੈ। ਪਰੰਤੂ ਇਸ ਸਬੰਧੀ ਕੋਈ ਕਾਰਵਾਈ ਨਹੀਂ ਹੋਈ। ਅਫਸਰਾਂ ਦੀ ਅਣਗਹਿਲੀ ਕਾਰਨ ਨਗਰ ਨਿਗਮ ਬਠਿੰਡਾ ਨੂੰ ਨਿੱਜੀ ਘਾਟਾ ਹੋ ਰਿਹਾ ਹੈ। ਉਹਨਾਂ ਜਲਦ ਤੋਂ ਜਲਦ ਇਸ ਸਬੰਧੀ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ। ਇਸਤੇ ਕਾਰਜਕਾਰੀ ਮੇਅਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਇਸ ਸਬੰਧੀ ਵਾਰ-ਵਾਰ ਕਹਿਣ ਦੇ ਬਾਵਜੂਦ ਵੀ ਦਫਤਰ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਉਹਨਾਂ ਜਲਦ ਤੋਂ ਜਲਦ ਇਸ ਸਬੰਧੀ ਬਣਦੀ ਕਾਰਵਾਈ ਕਰਨ ਲਈ ਕਿਹਾ। ਇਸਤੇ ਮਿਊਂਸਪਲ ਟਾਊਨ ਪਲੈਨਰ ਨੇ ਕਿਹਾ ਕਿ ਜਲਦ ਹੀ ਇਸ ਸਬੰਧੀ ਵਿਸਥਾਰਪੂਰਵਕ ਰਿਪੋਰਟ ਪੇਸ਼ ਕਰ ਦਿੱਤੀ ਜਾਵੇਗੀ। ਜੇਕਰ ਮਾਨਯੋਗ ਅਦਾਲਤ ਦੀ ਸਟੇਅ ਨਾ ਹੋਈ ਤਾਂ ਜਲਦ ਹੀ ਕਬਜਾ ਲੈਣ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸ਼੍ਰੀਮਤੀ ਉਸ਼ਾ ਗੋਇਲ, ਕੌਂਸਲਰ ਨੇ ਮਹਿਣਾ ਚੌਂਕ ਵਿਖੇ ਬਲਬੀਰ ਢਿੱਲੋਂ ਦੇ ਪਾਸ ਬਲੋਕ ਹੋਏ ਸੀਵਰੇਜ਼ ਨੂੰ ਖੋਲਣ ਸਬੰਧੀ ਕਿਹਾ।

ਸ਼੍ਰੀਮਤੀ ਗੁਰਿੰਦਰ ਕੋਰ, ਕੌਂਸਲਰ ਨੇ ਕਿਹਾ ਕਿ ਕੇ-ਪੁਆਇੰਟ ਤੋਂ ਹਟਾਏ ਗਏ 8 ਕਰਮਚਾਰੀਆਂ ਨੂੰ ਜਲਦ ਤੋਂ ਜਲਦ ਉਸੇ ਜਗ੍ਹਾ ਦੁਬਾਰਾ ਲਗਾਇਆ ਜਾਵੇ। ਉਹਨਾਂ ਇਹ ਵੀ ਕਿਹਾ ਕਿ 7 ਸਫਾਈ ਕਰਮਚਾਰੀ ਸਰਕਾਰੀ ਕੋਠੀਆਂ ਵਿੱਚ ਕੰਮ ਕਰ ਰਹੇ ਹਨ, ਉਹਨਾਂ ਨੂੰ ਵਾਪਸ ਬੁਲਾ ਕੇ ਇਹਨਾਂ ਸਾਰੇ 15 ਸਫਾਈ ਕਰਮਚਾਰੀਆਂ ਨੂੰ ਵਾਪਸ ਸਫਾਈ ਦੇ ਕੰਮ ਤੇ ਵਾਰਡ ਨੰਬਰ 11 ਵਿੱਚ ਲਗਾਇਆ ਜਾਵੇ।

ਸ਼੍ਰੀਮਤੀ ਕਿਰਨ ਰਾਣੀ, ਕੌਂਸਲਰ ਨੇ ਆਵਾ ਬਸਤੀ ਦੀ ਪਾਈਪ ਨੂੰ ਮੇਨ ਸੜ੍ਹਕ ਤੇ 80’ ਨਾਲ ਜੋੜ੍ਹਨ ਦੀ ਮੰਗ ਕੀਤੀ। ਉਹਨਾਂ ਨਵੇਂ ਮੇਨਹੋਲ ਬਨਾਉਣ ਅਤੇ ਸੀਵਰ ਦੇ ਮੇਨਹੋਲਾਂ ਤੇ ਸਲੈਬਾਂ ਪਾਉਣ ਦੀ ਮੰਗ ਕੀਤੀ।

ਸ਼੍ਰੀਮਤੀ ਰੀਨਾ ਗੁਪਤਾ, ਕੌਂਸਲਰ ਨੇ ਡਾ: ਨਾਗਪਾਲ ਦੀ ਬੈਕਸਾਇਡ ਪਾਰਕ ਮੈਨਟੇਨ ਕਰਨ ਲਈ ਕਿਹਾ। ਉਹਨਾਂ ਕਪੜਾ ਮਾਰਕੀਟ ਵਿੱਚ ਮਹਿਣਾ ਚੋਂਕ ਵਾਲੇ ਪਾਸਿਓਂ ਬੈਰੀਕੇਡ ਲਗਾਉਣ ਦੀ ਮੰਗ ਕੀਤੀ। ਉਹਨਾਂ ਸੁਝਾਅ ਦਿੱਤਾ ਕਿ ਨਿਗਮ ਦੀ ਹੋਣ ਵਾਲੀ ਮੀਟਿੰਗ ਦੋਰਾਨ ਮੀਟਿੰਗ ਹਾਲ ਵਿੱਚ ਪ੍ਰੋਜੈਕਟਰ ਲਗਾ ਕੇ ਨਿਗਮ ਦੀਆਂ ਉਪਲੱਬਧੀਆਂ ਬਾਰੇ ਦਸਿਆ ਜਾਵੇ। ਇਸਤੇ ਹਾਊਸ ਵਿੱਚ ਮੌਜੂਦ ਸਮੂਹ ਕੌਂਸਲਰ ਸਾਹਿਬਾਨ ਨੇ ਸਹਿਮਤੀ ਜਤਾਈ।

ਸ਼੍ਰੀ ਮਲਕੀਤ ਸਿੰਘ ਗਿੱਲ, ਕੌਂਸਲਰ ਨੇ ਸੀਵੀਆਂ ਰੋਡ ਤੇ ਕੰਮ ਕਰਵਾਉਣ ਬਾਰੇ ਦਫਤਰ ਵੱਲੋਂ ਦਸਿਆ ਗਿਆ ਕਿ ਇਹ ਸੜ੍ਹਕ ਬੀ.ਐਂਡ ਆਰ ਵਿਭਾਗ ਦੀ ਹੈ। ਇਸ ਲਈ ਇਹ ਸੜ੍ਹਕ ਬਨਾਉਣ ਦਾ ਕੰਮ ਵੀ ਉਸੇ ਵਿਭਾਗ ਵੱਲੋਂ ਕੀਤਾ ਜਾਵੇਗਾ। ਸ਼੍ਰੀ ਮਲਕੀਤ ਸਿੰਘ ਗਿੱਲ, ਕੌਂਸਲਰ ਨੇ ਕੋਠੇ ਕਾਮੇ ਕੇ ਵਿਖੇ ਨਿਰੰਕਾਰੀ ਭਵਨ ਤੋਂ ਲੈ ਕੇ ਅੱਗੇ ਤੱਕ ਸੜ੍ਹਕ ਬਨਾਉਣ ਦੀ ਮੰਗ ਕੀਤੀ। ਉਹਨਾਂ ਤਿੰਨ ਗਲੀਆਂ ਵਿੱਚ ਸੀਵਰ ਪਾਉਣ ਅਤੇ ਗੁਰਦੁਆਰਾ ਸਾਹਿਬ ਦੇ ਨਜ਼ਦੀਕ ਨਵੀਆਂ ਪਾਈਪਾਂ ਪਾਉਣ ਦੀ ਮੰਗ ਕੀਤੀ। ਇਸਤੇ ਦਫਤਰ ਵੱਲੋਂ ਕਿਹਾ ਕਿ ਇੱਕ ਮਹੀਨੇ ਦੇ ਅੰਦਰ ਅੰਦਰ ਟੈਂਡਰ ਲਗਵਾ ਕੇ ਕੰਮ ਕਰਵਾ ਦਿੱਤਾ ਜਾਵੇਗਾ।

**ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ।**

**ਏਜੰਡਾ ਨੰਬਰ 1:**

ਜਨਰਲ ਹਾਊਸ ਦੀ ਮੀਟਿੰਗ ਮਿਤੀ 11.11.2024 ਦੀ ਕਾਰਵਾਈ ਦੀ ਪਕਿਆਈ।

| | |
|---|---|
| ਮਤਾ ਨੰਬਰ 394 | **ਮੀਟਿੰਗ ਮਿਤੀ 11.11.2024 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।** |

**ਏਜੰਡਾ ਨੰਬਰ 2:**

ਰਿਪੋਰਟ ਵਰਕਸ ਸ਼ਾਖਾ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:

| Sr. No. | Name of Work | Estimate (in lac) |
|---|---|---|
| 1. | Providing Internet Connected Vehicle Management on T-Junction, Badal Road with Bathinda-Dabwali Road at Bathinda. | 13.71 |
| 2. | P/Laying DB Paving & Laying Sewer in Street No. 7G Adarsh Nagar, Zone No. 6 | 16.07 |
| 3. | P/Laying PC Main Road Model Town Phase-II, 60' Road, Bathinda | 12.50 |
| 4. | Rough Cost Estimate for Attendance facilities at Tipper Stand Bathinda City | 18.42 |
| 5. | P/Laying Interlocking tiles on berms in Ward no. 13 | 11.80 |
| 6. | P/L 60mm Interlocking Tiles in Kamal Cinema Wali Gali adjoining Amrik Singh Road | 12.39 |
| 7. | P/L PC in streets of Aggarsain Nagar and its adjoining branches | 12.11 |
| 8. | P/L grill on on Divider 100 ft. near Mela Ram Road | 19.07 |
| 9. | ਬਠਿੰਡਾ ਸ਼ਹਿਰ ਦੀਆਂ ਅਹਿਮ ਥਾਂਵਾਂ ਤੇ ਸੀ.ਸੀ. ਟੀ.ਵੀ ਕੈਮਰੇ ਲਗਾਉਣ ਦਾ ਤਖਮੀਨਾ | 93.29 |
| 10. | Laying Premix Carpet in Vishwas Nagar | 20.00 |
| 11. | Laying Premix Carpet in Green Avenue, Ward No. 7 | 28.50 |
| 12. | P/L PC in Civil Lines Area | 42.50 |

ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 395 | **ਲੜੀ ਨੰਬਰ 12 ਤੇ ਦਰਜ਼ "P/L PC in Civil Lines Area" ਸਬੰਧੀ ਤਖਮੀਨੇ ਨੂੰ ਰੱਦ ਕਰਦੇ ਹੋਏ ਬਾਕੀ ਦੇ ਸਾਰੇ ਕੰਮ ਪ੍ਰਵਾਨ ਹਨ।<br>ਮਜ਼ੀਦ ਪਾਸ ਕੀਤਾ ਗਿਆ ਕਿ ਲੜੀ ਨੰਬਰ 9 ਤੇ ਦਰਜ਼ "ਬਠਿੰਡਾ ਸ਼ਹਿਰ ਦੀਆਂ ਅਹਿਮ ਥਾਂਵਾਂ ਤੇ ਸੀ.ਸੀ. ਟੀ.ਵੀ ਕੈਮਰੇ ਲਗਾਉਣ" ਦੇ ਤਖਮੀਨੇ ਸਬੰਧੀ ਸੁਚੱਜੇ ਢੰਗ ਨਾਲ ਕੰਮ ਕਰਾਉਣ ਖਾਤਰ ਕੌਂਸਲਰ ਸਾਹਿਬਾਨ ਦੀ ਸਬ-ਕਮੇਟੀ ਬਣਾਈ ਜਾਵੇ। ਸਬ-ਕਮੇਟੀ ਬਨਾਉਣ ਦੇ ਅਧਿਕਾਰ ਕਾਰਜਕਾਰੀ ਮੇਅਰ, ਨਗਰ ਨਿਗਮ ਬਠਿੰਡਾ ਜੀ ਨੂੰ ਦਿੱਤੇ ਜਾਂਦੇ ਹਨ।** |

ਏਜੰਡਾ ਨੰਬਰ 3:

ਰਿਪੋਰਟ ਰੈਂਟ ਸ਼ਾਖਾ ਕਿ ਬਲਵੰਤ ਗਾਰਗੀ ਆਡੀਟੋਰੀਅਮ ਵਿਖੇ ਮਿਤੀ 14 ਤੋਂ 28 ਨਵੰਬਰ 2024 ਤੱਕ ਨਾਟਕਾਂ ਲਈ ਬੁੱਕ ਕੀਤਾ ਹੋਇਆ ਹੈ। ਜਿਕਰ ਹੈ ਕਿ ਇਹਨਾਂ ਤਾਰੀਖਾਂ ਵਿੱਚ 8 ਦਿਨਾਂ ਲਈ ਨਾਰਥ ਜ਼ੋਨ ਕਲਚਰਲ ਸੈਂਟਰ (NZCC) ਪਟਿਆਲਾ, ਭਾਰਤ ਸਰਕਾਰ ਵੱਲੋਂ ਰਾਜ ਦੀਆਂ ਵੱਖ-ਵੱਖ ਟੀਮਾਂ ਵੱਲੋਂ ਨਾਟਕ ਕੀਤੇ ਜਾਣੇ ਹਨ। ਇਹ ਨਾਟਕ ਆਪਸੀ ਭਾਈਚਾਰਾ, ਅਨੇਕਤਾ ਵਿੱਚ ਏਕਤਾ ਆਦਿ ਭਾਵਾਂ ਦੇ ਮਨੋਰਥ ਨਾਲ ਖੇਡੇ ਜਾਣੇ ਹਨ ਔਤ ਇਹਨਾਂ ਤੋਂ ਕੋਈ ਕਮਾਈ ਨਹੀਂ ਕੀਤੀ ਜਾਣੀ।

ਉਕਤ ਨੂੰ ਵਾਚਦੇ ਹੋਏ ਕਿਉਂ ਜੋ ਇਹ ਨਾਟਕ ਸੁਧਾਰ ਲਈ ਪਬਲਿਕ ਹਿੱਤ ਵਿੱਚ ਖੇਡੇ ਜਾਣੇ ਹਨ ਅਤੇ ਇਹਨਾਂ ਤੋਂ ਕੋਈ ਕਮਾਈ ਨਹੀਂ ਕੀਤੀ ਜਾਣੀ। ਇਸ ਲਈ ਭਾਰਤ ਸਰਕਾਰ ਨਾਰਥ ਜ਼ੋਨ ਕਲਚਰਲ ਸੈਂਟਰ (NZCC) ਪਟਿਆਲਾ ਦੇ ਨਾਟਕਾਂ ਵਾਲੇ ਸ਼ੋਆਂ ਦੀਆਂ ਬਣਦੀਆਂ ਫੀਸਾਂ ਮੁਆਫ ਕਰਨ ਹਿੱਤ ਰਿਪੋਰਟ ਕੀਤੀ ਜਾਂਦੀ ਹੈ।

ਇਸ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਲਿਖਿਆ ਹੈ ਕਿ "Should be allowed as NZCC is providing the artists of other States to perform in Bathinda. May be ratified in the next General House Meeting".

ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 396 | **ਭਾਰਤ ਸਰਕਾਰ ਨਾਰਥ ਜ਼ੋਨ ਕਲਚਰਲ ਸੈਂਟਰ (NZCC) ਪਟਿਆਲਾ ਦੇ ਨਾਟਕਾਂ ਵਾਲੇ ਸ਼ੋਆਂ ਦੀਆਂ 15 ਦਿਨਾਂ ਦੀਆਂ ਬਣਦੀਆਂ ਫੀਸਾਂ ਵਿੱਚੋਂ 7 ਦਿਨਾਂ ਦੀਆਂ ਬਣਦੀਆਂ ਫੀਸਾਂ ਮੁਆਫ ਕਰਨਾ ਪਾਸ ਕੀਤਾ ਜਾਂਦਾ ਹੈ।** |

ਏਜੰਡਾ ਨੰਬਰ 4:

ਰਿਪੋਰਟ ਤਹਿਬਾਜਾਰੀ ਸ਼ਾਖਾ ਕਿ ਬਠਿੰਡਾ ਸ਼ਹਿਰ ਵਿੱਚ ਰੇਹੜੀ-ਫੜੀ ਵਾਲਿਆਂ ਦੀ ਗਿਣਤੀ ਲਗਾਤਾਰ ਵੱਧਦੀ ਜਾ ਰਹੀ ਹੈ ਅਤੇ ਬਾਹਰਲੇ ਵਿਅਕਤੀਆਂ ਵੱਲੋਂ ਸ਼ਹਿਰ ਵਿੱਚ ਆ ਕੇ ਰੇਹੜੀ-ਫੜੀ ਲਗਾ ਕੇ ਕੰਮ ਕੀਤਾ ਜਾ ਰਿਹਾ ਹੈ। ਸ਼ਹਿਰ ਦੀਆਂ ਮੇਨ ਸੜ੍ਹਕਾਂ ਉਪਰ ਆਰਜ਼ੀ ਇੰਨਕਰੋਚਮੈਂਟ ਕੀਤੀ ਜਾ ਰਹੀ ਹੈ। ਜਿਸ ਕਾਰਨ ਸ਼ਹਿਰ ਵਿੱਚ ਟ੍ਰੈਫਿਕ ਦੀ ਸਮੱਸਿਆ ਵੀ ਲਗਾਤਾਰ ਵੱਧਦੀ ਜਾ ਰਹੀ ਹੈ ਅਤੇ ਆਮ ਪਬਲਿਕ ਨੂੰ ਫੁਟਪਾਥਾਂ ਤੇ ਸੜ੍ਹਕ ਤੇ ਚੱਲਣ ਦੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਰੇਹੜੀ-ਫੜੀ ਵਾਲੇ ਬਿਨ੍ਹਾਂ ਕਿਸੇ ਤਜਵੀਜ ਤੋਂ ਆਪਣੀ ਮਨ-ਮਰਜ਼ੀ ਨਾਲ ਕਿਸੇ ਵੀ ਜਗ੍ਹਾ ਤੇ ਰੇਹੜੀ ਲਗਾ ਲੈਂਦੇ ਹਨ।

ਇੱਥੇ ਇਹ ਵੀ ਦਸਣਯੋਗ ਹੈ ਕਿ ਸ਼ਹਿਰ ਵਿੱਚ ਆਟੋ/ਈ-ਰਿਕਸ਼ਾ ਦੀ ਗਿਣਤੀ ਵੀ ਲਗਾਤਾਰ ਬਹੁਤ ਜਿਆਦਾ ਵੱਧਦੀ ਜਾ ਰਹੀ ਹੈ ਅਤੇ ਨਿਗਮ ਕੋਲ ਇਹਨਾਂ ਸਬੰਧੀ ਕੋਈ ਵੀ ਰਿਕਾਰਡ ਮੌਜੂਦ ਨਹੀਂ ਹੈ। ਜਿਸ ਕਾਰਨ ਸ਼ਹਿਰ ਵਿੱਚ ਟ੍ਰੈਫਿਕ ਦੀ ਸਮੱਸਿਆ ਬਹੁਤ ਵੱਧ ਰਹੀ ਹੈ। ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਦੀ ਮੀਟਿੰਗ ਮਿਤੀ 21.11.2024 ਵਿੱਚ ਰੇਹੜੀ-ਫੜੀ ਅਤੇ ਆਟੋ/ਈ-ਰਿਕਸ਼ਾ ਸਬੰਧੀ ਸਰਵੇ ਕਰਵਾਉਣ ਲਈ ਹਦਾਇਤ ਕੀਤੀ ਗਈ ਹੈ ਤਾਂ ਜੋ ਕਿ ਭੱਵਿਖ ਵਿੱਚ ਇਸ ਸਮੱਸਿਆ ਦਾ ਕੋਈ ਹੱਲ ਹੋ ਸਕੇ। ਸਰਵੇ ਕਰਵਾਉਣ ਲਈ ਲਗਭਗ 15.00 ਲੱਖ ਰੁਪਏ ਦਾ ਖਰਚ ਆਉਣ ਦੀ ਸੰਭਾਵਨਾਂ ਹੈ। ਇਸ ਖਰਚੇ ਦੀ ਪ੍ਰਵਾਨਗੀ ਲੈਣ ਲਈ ਕੇਸ ਨਿਗਮ ਦੇ ਜਨਰਲ ਹਾਊਸ ਦੇ ਵਿਚਾਰ ਹਿੱਤ।

**ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਕਿਹਾ ਕਿ ਸਰਵੇ ਕਿਸੇ ਏਜੰਸੀ ਤੋਂ ਨਾ ਕਰਵਾ ਕੇ ਆਊਟਸੋਰਸ ਤੇ ਰੱਖੇ ਆਪਣੇ ਮੁਲਾਜ਼ਮਾ ਪਾਸੋਂ ਕਰਵਾਇਆ ਜਾਵੇ। ਉਹਨਾਂ ਇਸ ਸਬੰਧੀ ਸਰਵੇ ਕਮੇਟੀ ਬਨਾਉਣ ਦੀ ਵੀ ਮੰਗ ਕੀਤੀ। ਉਹਨਾਂ ਕਿਹਾ ਕਿ ਇਹ ਮੱਦ ਪਾਸ ਕਰਨ ਤੋਂ ਪਹਿਲਾਂ ਪਰੋਪਰ ਪ੍ਰੋਜੈਕਟ ਬਣਾਇਆ ਜਾਵੇ ਕਿ ਸ਼ਹਿਰ ਵਿੱਚ ਕਿੰਨੇ ਆਟੋ/ਈ-ਰਿਕਸ਼ਾ ਦੀ ਜਰੂਰਤ ਹੈ ਅਤੇ ਇਹਨਾਂ ਦੇ ਰੂਟ ਵੀ ਤੈਅ ਕਰ ਲਏ ਜਾਣ।**

| | |
|---|---|
| ਮਤਾ ਨੰਬਰ 397 | **ਇਸ ਮੱਦ ਸਬੰਧੀ ਰਿਕਸ਼ਾ, ਰੇਹੜੀ-ਫੜੀ ਅਤੇ ਆਟੋ/ਈ-ਰਿਕਸ਼ਾ ਤੋਂ ਲਏ ਜਾਣ ਵਾਲੀ ਲਾਇਸੰਸ ਫੀਸ ਸਬੰਧੀ ਰੇਟ ਫਿਕਸ ਕਰਕੇ ਅਤੇ ਹੋਰ ਕਾਨੂੰਨੀ ਪ੍ਰਕ੍ਰਿਆ ਨੂੰ ਮੁਕੰਮਲ ਕਰਕੇ ਸੋਧਿਆ ਏਜੰਡਾ ਪੇਸ਼ ਕੀਤਾ ਜਾਵੇ। ਤੱਦ ਤੱਕ ਲਈ ਇਸ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ। ਇਹ ਵੀ ਪਾਸ ਕੀਤਾ ਜਾਂਦਾ ਹੈ ਕਿ ਨਗਰ ਨਿਗਮ ਦੀ ਹਰ ਮੀਟਿੰਗ ਵਿੱਚ ਨਿਗਮ ਦਾ ਲਾਅ ਅਫਸਰ ਮੌਜੂਦ ਰਹਿਣਾ ਯਕੀਨੀ ਬਣਾਇਆ ਜਾਵੇ।** |

ਏਜੰਡਾ ਨੰਬਰ 5:

ਰਿਪੋਰਟ ਵਰਕਸ ਸ਼ਾਖਾ ਕਿ ਪੰਜਾਬ ਸਰਕਾਰ ਦੇ ਸਰਕਾਰ ਸਨਤਕਾਰ ਮਿਲਨੀ ਮਿਤੀ 14-15 ਸਿਤੰਬਰ 2023 ਰਾਹੀਂ ਪੰਜਾਬ ਵਿੱਚ ਆਉਂਦੇ ਵੱਖ-ਵੱਖ ਫੌਕਲ ਪੁਆਇੰਟਾਂ ਦੇ ਵਿਕਾਸ ਲਈ ਤਖਮੀਨੇ ਮੰਗੇ

ਗਏ ਸਨ। ਇਸ ਅਧੀਨ ਨਗਰ ਨਿਗਮ ਬਠਿੰਡਾ ਵੱਲੋਂ ਆਪਣੀ ਹਦੂਦ ਅੰਦਰ ਆਉਂਦੇ ਤਿੰਨ ਫੌਕਲ ਪੁਆਇੰਟ ਦੇ ਤਖਮੀਨੇ ਮੁਬਲਿਗ 771.90 ਲੱਖ ਰੁਪਏ ਦੇ ਤਿਆਰ ਕੀਤੇ ਗਏ ਸਨ ਅਤੇ ਇੰਨ੍ਹਾਂ ਕੰਮਾਂ ਦੇ ਤਖਮੀਨਿਆਂ ਵਿੱਚ ਇੰਡਸਟਰੀਅਲ ਗਰੋਥ ਸੈਂਟਰ ਵਿਖੇ ਕੇ-ਬਲਾਕ ਵਿੱਚ ਪਾਰਕ ਬਨਾਉਣ ਦਾ ਤਖਮੀਨਾ ਮੁਬਲਿਗ 49.90 ਲੱਖ ਰੁਪਏ ਦਾ ਤਿਆਰ ਕੀਤਾ ਗਿਆ ਸੀ। ਇਹ ਕੰਮ ਸਰਕਾਰ ਵੱਲੋਂ ਮਿਲੇ ਫੰਡ/ਗਰਾਂਟ ਅਧੀਨ ਕਰਵਾਇਆ ਜਾਣਾ ਸੀ। ਪਿਛਲੇ ਦਿਨਾਂ ਵਿੱਚ ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਵੱਲੋਂ ਇੰਡਸਟਰੀਅਲ ਗਰੋਥ ਸੈਂਟਰ ਵਿਖੇ ਵਿਜ਼ਿਟ ਕੀਤੀ ਗਈ ਸੀ। ਇਸ ਵਿਜ਼ਿਟ ਦੌਰਾਨ ਵਪਾਰੀ ਵਰਗ ਵੱਲੋਂ ਕੇ-ਬਲਾਕ ਵਿਖੇ ਪਾਰਕ ਜਲਦ ਤਿਆਰ ਕਰਨ ਦੀ ਬੇਨਤੀ ਕੀਤੀ ਗਈ ਸੀ। ਇਸਤੇ ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਵੱਲੋਂ ਆਦੇਸ਼ ਦਿੱਤੇ ਗਏ ਸਨ ਕਿ ਉਕਤ ਪਾਰਕ ਦਾ ਨਿਰਮਾਣ ਨਗਰ ਨਿਗਮ ਵੱਲੋਂ ਆਪਣੇ ਫੰਡਾਂ ਵਿੱਚੋਂ ਕਰਵਾਇਆ ਜਾਵੇ, ਕਿਉਂਕਿ ਸਰਕਾਰ ਵੱਲੋਂ ਪ੍ਰਾਪਤ ਹੋਣ ਵਾਲੀ ਗਰਾਂਟ ਵਿੱਚ ਅਜੇ ਸਮਾਂ ਲੱਗ ਸਕਦਾ ਹੈ। ਇਸ ਤਖਮੀਨੇ ਦੀ ਪ੍ਰਸ਼ਾਸਕੀ ਪ੍ਰਵਾਨਗੀ ਨਗਰ ਨਿਗਮ ਦੇ ਮਤਾ ਨੰਬਰ 263 ਮਿਤੀ 25.01.2024 ਰਾਹੀਂ ਸਰਕਾਰ ਵੱਲੋਂ ਪ੍ਰਾਪਤ ਫੰਡਾਂ ਤਹਿਤ ਕਰਵਾਉਣ ਲਈ ਪ੍ਰਾਪਤ ਹੈ।

ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਵੱਲੋਂ ਕੀਤੇ ਗਏ ਹੁਕਮਾਂ ਦੀ ਪਾਲਣਾਂ ਹਿੱਤ ਇੰਡਸਟਰੀਅਲ ਗਰੋਥ ਸੈਂਟਰ ਵਿਖੇ ਕੇ-ਬਲਾਕ ਵਿੱਚ ਪਾਰਕ ਬਨਾਉਣ ਦਾ ਤਖਮੀਨਾ ਮੁਬਲਿਗ 49.90 ਲੱਖ ਰੁਪਏ ਤਹਿਤ ਪਾਰਕ ਦਾ ਨਿਰਮਾਣ ਨਗਰ ਨਿਗਮ ਫੰਡਾਂ ਵਿੱਚੋਂ ਕਰਵਾਇਆ ਜਾਣਾ ਹੈ। ਇਸ ਲਈ ਉਕਤ ਕੰਮ ਨਗਰ ਨਿਗਮ ਫੰਡਾਂ ਵਿੱਚੋਂ ਕਰਵਾਉਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 398 | ਪ੍ਰਵਾਨ ਹੈ। |

**ਏਜੰਡਾ ਨੰਬਰ 6:**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 1, ਬਠਿੰਡਾ ਦੇ ਪੱਤਰ ਨੰਬਰ 6140 ਮਿਤੀ 13.11.2024 ਰਾਹੀਂ Estimate For replacement of Air Blower including Accessories of Existing 52 MLD STP at Bathinda ਦਾ 43.26 ਲੱਖ ਰੁਪਏ ਦਾ ਤਖਮੀਨਾ ਪ੍ਰਾਪਤ ਹੋਇਆ ਹੈ। ਮਾਨਯੋਗ ਹਾਊਸ ਦੀ ਪ੍ਰਵਾਨਗੀ ਤੋਂ ਬਗੈਰ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਮਾਨਯੋਗ ਹਾਊਸ ਤੋਂ ਤਖਮੀਨੇ ਦੀ ਪ੍ਰਵਾਨਗੀ ਹਾਸਲ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 399 | ਪ੍ਰਵਾਨ ਹੈ। |

**ਏਜੰਡਾ ਨੰਬਰ 7:**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 1, ਬਠਿੰਡਾ ਦੇ ਪੱਤਰ ਨੰਬਰ 6131 ਮਿਤੀ 13.11.2024 ਰਾਹੀਂ Revised Estimate for Construction of Pumping Station including Pumping Machinery at Ramdas Nagar, Bathinda ਦਾ 37.16 ਲੱਖ ਰੁਪਏ ਤਖਮੀਨਾ ਪ੍ਰਾਪਤ ਹੋਇਆ ਹੈ। ਮਾਨਯੋਗ ਹਾਊਸ ਦੀ ਪ੍ਰਵਾਨਗੀ ਤੋਂ ਬਗੈਰ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ।
ਇਸ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "Revised estimate for the above said work (from Rs. 32.76 lacs to Rs. 37.16 lac) has been received from PWSSSB, due to more depth at site then taken in estimate. Rs. 4.40 lac, the different amount needs to be paid to PWSSB.

ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 400 | ਪ੍ਰਵਾਨ ਹੈ। |

**ਏਜੰਡਾ ਨੰਬਰ 8:**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 2, ਬਠਿੰਡਾ ਪਾਸੋਂ Estimate for construction of Raw Water Channel at Main Water Works Bathinda ਦੇ ਕੰਮ ਦਾ ਰਿਵਾਇਜ਼ ਤਖਮੀਨਾ ਮੁਬਲਿਗ 54.58 ਲੱਖ ਰੁਪਏ ਦਾ ਪ੍ਰਾਪਤ ਹੋਇਆ ਹੈ। ਇਸ ਤਖਮੀਨੇ ਦੀ ਪ੍ਰਸ਼ਾਸਕੀ ਪ੍ਰਵਾਨਗੀ ਮਾਨਯੋਗ ਹਾਊਸ ਵੱਲੋਂ ਆਪਣੇ ਮਤਾ ਨੰਬਰ 184 ਮਿਤੀ

20.03.2023 ਰਾਹੀਂ ਦਿੱਤੀ ਗਈ ਸੀ। ਇਸ ਤਖਮੀਨੇ ਵਿਰੁੱਧ ਕੋਈ ਵੀ ਅਦਾਇਗੀ ਹੁਣ ਤੱਕ ਨਹੀਂ ਕੀਤੀ ਗਈ। ਹਾਊਸ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਅਦਾਇਗੀ ਨਹੀਂ ਕੀਤੀ ਜਾ ਸਕਦੀ।

ਉਕਤ ਸਬੰਧੀ ਦਫਤਰ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ ਹਦਾਇਤਾਂ ਅਨੁਸਾਰ ਇਸ ਦਫਤਰ ਦੇ ਪੱਤਰ ਨੰਬਰ 984 ਮਿਤੀ 22.10.2024 ਰਾਹੀਂ ਮੇਨ ਵਾਟਰ ਵਰਕਸ (ਜੋਗਰ ਪਾਰਕ) ਵਿਖੇ Raw Water Channel ਬਨਾਉਣ ਦੀ ਬਜਾਏ RCC ਪਾਈਪ ਲਾਈਨ ਪਾਉਣ ਦਾ ਤਖਮੀਨਾ ਬਣਾ ਕੇ ਭੇਜਣ ਲਈ ਲਿਖਿਆ ਗਿਆ ਸੀ। ਉਹਨਾਂ ਨੇ ਆਪਣੇ ਪੱਤਰ ਨੰਬਰ 446 ਮਿਤੀ 11.11.2024 ਰਾਹੀਂ ਇੱਥੇ RCC ਪਾਈਪ ਲਾਈਨ ਪਾਉਣ ਉਪਰੰਤ ਆਉਣ ਵਾਲੀਆਂ ਸਮੱਸਿਆਂਵਾਂ ਬਾਰੇ ਲਿਖਿਆ ਹੈ।

ਇਸ ਸਬੰਧੀ ਨਿਗਰਾਨ ਇੰਜੀਨੀਅਰ, ਨਗਰ ਨਿਗਮ, ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ "Revised estimate of above said work from 39.49 lacs to Rs. 54.58 lacs has been received from PWSSB. Submitted for A/A please.

ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 401 | **ਪਾਸ ਕੀਤਾ ਜਾਂਦਾ ਹੈ ਕਿ ਨਵਾਂ Raw Water Channel ਬਨਾਉਣ ਦੀ ਬਜਾਏ ਪੁਰਾਣੇ Raw Water Channel ਦੀ ਬਣਦੀ ਰਿਪੇਅਰ ਕਰਵਾਈ ਜਾਵੇ ਅਤੇ ਜੋ ਹਿੱਸਾ ਲੋੜੀਂਦਾ ਹੈ, ਉਹ ਨਵਾਂ ਬਣਾ ਲਿਆ ਜਾਵੇ। ਇਸਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।** |

**ਏਜੰਡਾ ਨੰਬਰ 9:**

ਰਿਪੋਰਟ ਵਰਕਸ ਸ਼ਾਖਾ ਕਿ ਸ਼ਹਿਰ ਵਾਸੀਆਂ ਵੱਲੋਂ ਰਿਹਾਇਸ਼ੀ/ ਵਪਾਰਕ ਉਸਾਰੀਆਂ ਦੀ ਕੰਸਟਰਕਸ਼ਨ/ਰੈਨੋਵੇਸ਼ਨ ਦੋਰਾਨ ਨਿਕਲਿਆ ਹੋਇਆ Construction and Demolition (C&D) ਵੇਸਟ ਸ਼ਹਿਰ ਵਿੱਚ ਇੱਧਰ-ਉਧਰ ਖਾਲੀ ਪਲਾਟਾਂ ਅਤੇ ਸੜ੍ਹਕਾਂ ਦੇ ਨਾਲ ਲਗਦੀਆਂ ਖਾਲੀ ਥਾਂਵਾਂ ਤੇ ਸੁੱਟ ਦਿੱਤਾ ਜਾਂਦਾ ਹੈ। ਬਠਿੰਡਾ ਸ਼ਹਿਰ ਦੀਆਂ ਕਈ ਮੁੱਖ ਸੜ੍ਹਕਾਂ ਦੇ ਆਲੇ-ਦੁਆਲੇ ਜਿਵੇਂ ਕਿ ਮਾਨਸਾ ਰੋਡ, ਰਿੰਗ ਰੋਡ, ਬਾਦਲ ਰੋਡ, ਮਾਡਲ ਟਾਊਨ ਫੇਸ 4-5 ਅਪਰੋਚ ਰੋਡ, ਗੋਨਿਆਨਾ ਰੋਡ, ਇੰਡਸਟਰੀਅਲ ਗਰੋਥ ਸੈਂਟਰ ਆਦਿ ਥਾਂਵਾਂ ਤੇ ਬਹੁਤ ਜਿਆਦਾ ਮਲਬਾ ਪਿਆ ਹੈ ਜੋ ਕਿ ਨਾ ਸਿਰਫ ਸ਼ਹਿਰ ਦੀ ਦਿੱਖ ਨੂੰ ਖਰਾਬ ਕਰਦੇ ਹਨ, ਬਲਕਿ ਵਿਕਾਸ ਦੇ ਕੰਮਾਂ ਵਿੱਚ ਦਿੱਕਤ ਪੇਸ਼ ਆਉਂਦੀ ਹੈ। ਇਸ ਵੇਸਟ ਦਾ ਸੁੱਚਜੇ ਢੰਗ ਨਾਲ ਨਿਪਟਾਰਾ ਕਰਨ ਲਈ ਸਮੇਂ-ਸਮੇਂ ਤੇ SBM Rules 2016 ਅਧੀਨ ਸਰਕਾਰ ਵੱਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।

ਇਸ ਸਬੰਧੀ ਨਗਰ ਨਿਗਮ ਦੇ ਜਨਰਲ ਹਾਊਸ ਵੱਲੋਂ ਆਪਣੇ ਮਤਾ ਨੰਬਰ 333 ਮਿਤੀ 23.08.2024 ਰਾਹੀਂ Construction and Demolition (C&D) Waste Processing ਪਲਾਂਟ ਦੀ ਮਸ਼ੀਨਰੀ ਖਾਤਰ 98.61 ਲੱਖ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ ਸੀ, ਜਿਸ ਸਬੰਧੀ ਨਗਰ ਨਿਗਮ ਵੱਲੋਂ ਮਿਤੀ 23.08.2024 ਨੂੰ ਉਕਤ ਕੰਮ ਦਾ ਟੈਂਡਰ ਲਗਾਇਆ, ਜਿਸ ਵਿੱਚ ਹਿੱਸਾ ਲੈਣ ਵਾਲੀ ਫਰਮਾਂ ਵਿੱਚੋਂ ਸੱਭ ਤੋਂ ਘੱਟ ਰੇਟ 108.35 ਲੱਖ ਰੁਪਏ ਪ੍ਰਾਪਤ ਹੋਇਆ ਸੀ ਜੋ ਕਿ ਤਖਮੀਨਾ ਰਾਸ਼ੀ ਨਾਲੋਂ 9.88% ਵੱਧ ਸੀ। ਇੰਨ੍ਹਾਂ ਰੇਟਾਂ ਦੀ ਪ੍ਰਵਾਨਗੀ ਖਾਤਰ ਕੇਸ ਮਾਨਯੋਗ ਮੁੱਖ ਇੰਜੀਨੀਅਰ (ਨਗਰ ਨਿਗਮਾਂ) ਪਾਸ ਅਤੇ ਉਨ੍ਹਾਂ ਵੱਲੋਂ ਆਪਣੇ ਪੱਤਰ ਨੰ: ਸੀ.ਈ.-2025/52861 ਮਿਤੀ 27.09.2024 ਰਾਹੀਂ ਇਹ ਹਦਾਇਤ ਕੀਤੀ ਗਈ ਕਿ "ਉਕਤ ਕੇਸ ਵਿੱਚ ਤਖਮੀਨਾ ਰਾਸ਼ੀ ਤੋਂ ਵੱਧ ਆਏ ਰੇਟਾਂ ਦੀ ਹਵਾਲਾ ਅਧੀਨ ਪੱਤਰਾਂ ਰਾਹੀਂ ਜਸਟੀਫਿਕੇਸ਼ਨ ਮੰਗੀ ਗਈ ਸੀ, ਜਿਸ ਸਬੰਧੀ ਆਪ ਵੱਲੋਂ ਹਵਾਲਾ ਅਧੀਨ ਪੱਤਰਾਂ ਰਾਹੀਂ ਸਪਸ਼ਟ ਕੀਤਾ ਗਿਆ ਕਿ ਤਖਮੀਨੇ ਵਿੱਚ ਮਸ਼ੀਨਰੀ ਦੀ ਇੰਸਟਾਲੇਸ਼ਨ ਚਾਰਜ਼ਿਜ਼, 10% Contractor Profit ਅਤੇ 1% ਲੇਬਰ ਸੈਸ ਨਾ ਲਏ ਜਾਣ ਕਾਰਨ ਠੇਕੇਦਾਰ/ਏਜੰਸੀ ਵੱਲੋਂ ਵੱਧ ਰੇਟ ਕੋਟ ਕੀਤੇ ਗਏ ਹਨ। ਉਕਤ ਸਬੰਧੀ ਇਸ ਦਫਤਰ ਦੀ ਰਾਏ ਹੈ ਕਿ Construction and Demolition (C&D) ਵੇਸਟ ਦੇ ਰੂਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਪ ਵੱਲੋਂ ਉਕਤ ਦਰਸਾਈਆਂ ਖਾਮੀਆਂ ਨੂੰ ਦੂਰ ਕਰਕੇ ਤਖਮੀਨਾ ਤਿਆਰ ਕੀਤਾ ਜਾਵੇ ਅਤੇ ਸਮੱਰਥ ਅਥਾਰਟੀ ਤੋਂ ਪ੍ਰਵਾਨਗੀ ਉਪਰੰਤ ਮੁੜ੍ਹ ਤੋਂ ਟੈਂਡਰ ਕਾਲ ਕਰਨ ਲਈ ਵਿਚਾਰ ਲਿਆ ਜਾਵੇ। ਜਿਸ ਨਾਲ ਸਹੀ ਤਖਮੀਨਾ ਰਾਸ਼ੀ ਵਧੇਰੇ ਬਿੱਡਰਾਂ ਦੀ ਪਾਰਟੀਸਿਪੇਸ਼ਨ ਅਤੇ ਕੰਪੀਟੀਟਿਵ ਰੇਟ ਪ੍ਰਾਪਤ ਹੋਣ ਦੀ ਆਸ ਨਾਲ ਕੀਤੀ ਜਾ ਸਕਦੀ ਹੈ"।

ਇਸ ਸਬੰਧੀ ਉਕਤ ਦਰਸਾਈਆਂ ਗਈਆਂ ਤਰੁੱਟੀਆਂ ਨੂੰ ਦੂਰ ਕਰਦੇ ਹੋਏ ਇਸ ਕੰਮ ਦੀ ਤਖਮੀਨਾ ਰਾਸ਼ੀ 110.65 ਲੱਖ ਰੁਪਏ ਬਣਦੀ ਹੈ। ਇਸ ਕੰਮ ਸਬੰਧੀ ਪਹਿਲਾਂ ਹੀ ਸਰਕਾਰ ਪਾਸੋਂ 150.00 ਲੱਖ ਰੁਪਏ ਦੀ ਗਰਾਂਟ ਪ੍ਰਾਪਤ ਹੋ ਚੁੱਕੀ ਹੈ। ਇਸ ਲਈ ਉਕਤ ਸੋਧੀ ਹੋਈ ਰਾਸ਼ੀ ਮੁਬਲਿਗ 110.65 ਲੱਖ ਰੁਏ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

| | |
|---|---|
| ਮਤਾ ਨੰਬਰ 402 | **ਪ੍ਰਵਾਨ ਹੈ।** |

**ਏਜੰਡਾ ਨੰਬਰ 10:**

ਦਫਤਰ ਨਗਰ ਨਿਗਮ, ਬਠਿੰਡਾ ਵੱਲੋਂ ਜੋ ਇਨੋਵਾ ਗੱਡੀ ਨੰਬਰ PB 03 S 0018 ਦਿੱਤੀ ਗਈ ਹੈ, ਉਹ ਜਿਆਦਾਤਰ ਖਰਾਬ ਰਹਿੰਦੀ ਹੈ। ਇਹ ਗੱਡੀ ਲਗਭਗ 13-14 ਸਾਲ ਪੁਰਾਣੀ ਹੈ ਅਤੇ ਇਹ ਗੱਡੀ 5 ਲੱਖ ਕਿਲੋਮੀਟਰ ਤੋਂ ਵੱਧ ਚੱਲ ਚੁੱਕੀ ਹੈ। ਇਸ ਲਈ ਯੋਗ ਹੋਵੇਗਾ ਕਿ ਇੱਕ ਨਵੀਂ ਇਨੋਵਾ ਗੱਡੀ ਖਰੀਦ ਕਰ ਲਈ ਜਾਵੇ। ਗੱਡੀ ਦੀ ਖਰੀਦ ਕਰਨ ਅਤੇ ਇਸਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 403 | ਪ੍ਰਵਾਨ ਹੈ।<br>**ਮਜ਼ੀਦ ਪਾਸ ਕੀਤਾ ਗਿਆ ਕਿ ਮੇਅਰ, ਨਗਰ ਨਿਗਮ ਬਠਿੰਡਾ ਜੀ ਲਈ ਨਵੀਂ ਇਨੋਵਾ ਕਰੀਸਟਾ ਗੱਡੀ ਦੀ ਖਰੀਦ ਕਰਨ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।** |

**ਏਜੰਡਾ ਨੰਬਰ 11:**

ਮਾਨਯੋਗ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਅਨੁਸਾਰ ਕਿਉਂ ਜੋ ਸ਼ਹਿਰ ਦੀ ਜਨਸੰਖਿਆ ਦਿਨ ਬ ਦਿਨ ਵੱਧ ਰਹੀ ਹੈ। ਆਉਣ ਵਾਲੇ ਸਮੇਂ ਦੀ ਲੋੜ੍ਹ ਨੂੰ ਦੇਖਦੇ ਹੋਏ ਯੋਗ ਹੋਵੇਗਾ ਕਿ ਇੱਕ ਹੋਰ ਨਵਾਂ ਸੀਵੇਜ਼ ਟਰੀਟਮੈਂਟ ਪਲਾਂਟ, ਨਵਾਂ ਵਾਟਰ ਟਰੀਟਮੈਂਟ ਪਲਾਂਟ ਲਗਾਉਣ ਅਤੇ ਸ਼ਹਿਰ ਦਾ ਕੂੜ੍ਹਾ ਡਿਸਪੋਜ਼ ਆਫ ਕਰਨ ਲਈ ਸ਼ਹਿਰ ਦੇ ਨਾਲ ਲੱਗਦੀ ਥਰਮਲ ਪਲਾਂਟ ਵਾਲੀ ਜਗ੍ਹਾ ਵਿੱਚੋਂ ਲਗਭਗ 30 ਏਕੜ੍ਹ ਜਗ੍ਹਾ ਦੀ ਖਰੀਦ ਕਰ ਲਈ ਤਾਂ ਜੋ ਭੱਵਿਖ ਵਿੱਚ ਉਕਤ ਸਬੰਧੀ ਆਉਣ ਵਾਲੀ ਕਿਸੇ ਵੀ ਦਿੱਕਤ ਦਾ ਸਾਹਮਣਾ ਕੀਤਾ ਜਾ ਸਕੇ। ਜਗ੍ਹਾ ਦੀ ਭਾਲ ਕਰਕੇ ਖਰੀਦ ਕਰਨ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 404 | ਪ੍ਰਵਾਨ ਹੈ। |

**ਇਸ ਸਬੰਧੀ ਸ਼੍ਰੀ ਮਲਕੀਤ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਜਗ੍ਹਾ ਦੀ ਭਾਲ ਕਰਨ ਉਪਰੰਤ ਇਸ ਜਗ੍ਹਾ ਕੂੜ੍ਹੇ ਦਾ ਪਲਾਂਟ ਨਾ ਲਗਾਇਆ ਜਾਵੇ। ਉਹਨਾਂ ਇਸ ਜਗ੍ਹਾ ਕੂੜ੍ਹੇ ਦਾ ਪਲਾਂਟ ਲਗਾਉਣ ਤੇ ਵਿਰੋਧ ਜਾਹਰ ਕੀਤਾ।**

**ਏਜੰਡਾ ਨੰਬਰ 12:**

ਰਿਪੋਰਟ ਵਰਕਸ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵੱਲੋਂ ਰੋਜ਼ ਗਾਰਡਨ ਵਿਖੇ ਬਲਵੰਤ ਗਾਰਗੀ ਆਡੀਟੋਰੀਅਮ ਦੀ ਉਸਾਰੀ ਕੀਤੀ ਗਈ ਹੈ। ਇਹ ਆਡੀਟੋਰੀਅਮ ਚਾਲੂ ਹੋ ਚੁੱਕਾ ਹੈ। ਇਸ ਆਡੀਟੋਰੀਅਮ ਦਾ ਬਿਜਲੀ ਦਾ ਕੁੱਲ ਲੋਡ 550 ਕਿਲੋਵਾਟ ਹੈ। ਜਿਸ ਦੇ ਬਿਜਲੀ ਦਾ ਖਰਚਾ ਨਗਰ ਨਿਗਮ ਵੱਲੋਂ ਅਦਾ ਕੀਤਾ ਜਾਣਾ ਹੈ। ਇਸ ਖਰਚੇ ਨੂੰ ਨਗਰ ਨਿਗਮ ਵੱਲੋਂ ਘੱਟ ਕਰਨ ਲਈ ਆਡੀਟੋਰੀਅਮ ਵਿਖੇ ਸੋਲਰ ਪਲਾਂਟ ਲਗਾਉਣ ਦੀ ਤਜਵੀਜ ਕੀਤੀ ਗਈ ਹੈ। ਇਸ ਤੋਂ ਇਲਾਵਾ ਸੀਨੀਅਰ ਟਾਊਨ ਪਲੈਨਰ, ਸਥਾਨਕ ਸਰਕਾਰਰ ਵਿਭਾਗ, ਪੰਜਾਬ ਜੀ ਵੱਲੋਂ ਜਾਰੀ ਪੱਤਰ ਨੰਬਰ CTP(LG)-2024/2727 ਮਿਤੀ 22.11.2024 ਅਨੁਸਾਰ ਸਰਕਾਰੀ ਬਿਲਡਿੰਗਾਂ ਵਿੱਚ 100% ਸੋਲਰ ਪਾਵਰ ਦੀ ਵਿਵਸਥਾ ਕਰਨ ਦੀ ਹਦਾਇਤ ਕੀਤੀ ਗਈ ਹੈ।

ਆਡੀਟੋਰੀਅਮ ਵਿਖੇ ਮੌਜੂਦਾ ਜਗ੍ਹਾ ਦੇ ਹਿਸਾਬ ਨਾਲ ਆਡੀਟੋਰੀਅਮ ਵਿੱਚ 238 ਕਿਲੋਵਾਟ ਦਾ ਸੋਲਰ ਪਾਵਰ ਪਲਾਂਟ ਲਗਾਇਆ ਜਾ ਸਕਦਾ ਹੈ। ਇਹ ਸੋਲਰ ਪਲਾਂਟ ਨਗਰ ਨਿਗਮ ਵੱਲੋਂ PEDA (Punjab Energy Development Agency) ਵੱਲੋਂ ਲਗਵਾਇਆ ਜਾਵੇਗਾ, ਜੋ ਪੰਜਾਬ ਸਰਕਾਰ ਦੀ ਨੋਡਲ ਏਜੰਸੀ ਹੈ। ਇਸ ਸਬੰਧੀ PEDA ਨਾਲ ਤਾਲਮੇਲ ਕੀਤਾ ਗਿਆ। ਉਨ੍ਹਾਂ ਵੱਲੋਂ ਸਾਲ 2024-25 ਦੁਆਰਾ ਟੈਂਡਰ ਕਾਲ ਕੀਤੇ ਗਏ ਹਨ, ਜਿਸ ਅਨੁਸਾਰ 100-500 ਕਿਲੋਵਾਟ ਦੇ ਕੈਟਾਗਰੀ (Total cost inclusive of GST, PEDA Service Charges and 5 year AMC (Rs. Per KW) ਦੇ ਰੇਟ 32955/- ਰੁਪਏ ਕਿਲੋਵਾਟ ਪ੍ਰਾਪਤ ਹੋਏ ਹਨ। ਇੰਨ੍ਹਾਂ ਰੇਟਾਂ ਅਨੁਸਾਰ 238 ਕਿਲੋਵਾਟ ਦਾ ਸੋਲਰ ਪਾਵਰ ਪਲਾਂਟ ਲਗਾਉਣ ਤੇ 238x32955 - 78,43,290/- ਰੁਪਏ ਦਾ ਖਰਚ ਆਉਣ ਦਾ ਅਨੁਮਾਨ ਹੈ।

ਉਕਤ ਅਨੁਸਾਰ ਰਿਪੋਰਟ ਮਾਨਯੋਗ ਹਾਊਸ ਦੀ ਪ੍ਰਵਾਨਗੀ ਹਿੱਤ।

| | |
|---|---|
| ਮਤਾ ਨੰਬਰ 405 | ਪ੍ਰਵਾਨ ਹੈ। |

**ਏਜੰਡਾ ਨੰਬਰ 13:**

ਰਿਪੋਰਟ ਸਿਹਤ ਸ਼ਾਖਾ ਕਿ ਸਵ: ਅੰਜੂ ਪਤਨੀ ਸ਼੍ਰੀ ਉਮ ਪ੍ਰਕਾਸ਼ ਬਤੌਰ ਸਫਾਈ ਸੇਵਿਕਾ ਨਗਰ ਨਿਗਮ ਬਠਿੰਡਾ ਵਿਖੇ ਕੰਮ ਕਰਦੀ ਸੀ, ਜਿਸਦੀ ਮੌਤ ਸਰਵਿਸ ਦੌਰਾਨ ਮਿਤੀ 18.09.2019 ਨੂੰ ਹੋ ਗਈ ਸੀ। ਸਰਵਿਸ ਰਿਕਾਰਡ ਵਿੱਚ ਅੰਜੂ ਦੀ ਜਨਮ ਮਿਤੀ 22.08.1989 ਦਰਜ਼ ਹੈ ਜੋ ਕਿ ਮੈਡੀਕਲ ਸਰਟੀਫਿਕੇਟ ਦੇ ਆਧਾਰ ਤੇ ਦਰਜ਼ ਕੀਤੀ ਗਈ ਹੈ। ਮ੍ਰਿਤਕ ਕਰਮਚਾਰਨ ਦੇ ਵਾਰਸ ਸ਼੍ਰੀ ਰਾਕੇਸ਼ ਕੁਮਾਰ ਨੇ ਤਰਸ ਦੇ ਆਧਾਰ ਤੇ ਨੌਕਰੀ ਪ੍ਰਾਪਤ ਕਰਨ ਲਈ ਦਰਖਾਸਤ ਮਿਤੀ 25.09.2019 ਨੂੰ ਦਿੱਤੀ ਸੀ। ਆਧਾਰ ਕਾਰਡ ਅਤੇ ਹਲਫੀਆ ਬਿਆਨ ਅਨੁਸਾਰ ਸ਼੍ਰੀ ਰਾਕੇਸ਼ ਕੁਮਾਰ ਦੀ ਜਨਮ ਮਿਤੀ 05.12.1999 ਹੈ। ਇਸ ਤਰ੍ਹਾਂ ਸਵ: ਅੰਜੂ ਪਤਨੀ ਸ਼੍ਰੀ ਉਮ ਪ੍ਰਕਾਸ਼ ਅਤੇ ਉਸਦੇ ਪੁੱਤਰ ਰਾਕੇਸ਼ ਦੀ ਉਮਰ ਵਿੱਚ ਸਿਰਫ 10 ਸਾਲ ਦਾ ਫਰਕ ਹੈ। ਮ੍ਰਿਤਕ ਕਰਮਚਾਰਨ ਦੇ ਵਾਰਸ ਵੱਲੋਂ ਪੱਤਰ ਰਾਹੀਂ ਬੇਨਤੀ ਕੀਤੀ ਗਈ ਹੈ ਕਿ ਉਸਦੇ ਮਾਤਾ ਸਵ: ਅੰਜੂ ਦੀ ਅਸਲ ਜਨਮ ਮਿਤੀ 10.03.1982 ਹੈ। ਮ੍ਰਿਤਕ ਕਰਮਚਾਰਨ ਅੰਜੂ ਪਤਨੀ ਸ਼੍ਰੀ ਉਮ ਪ੍ਰਕਾਸ਼ ਦੀ ਜਨਮ ਮਿਤੀ ਦਰੁੱਸਤ ਕਰਨ ਲਈ ਉਸਦੇ ਪੁੱਤਰ ਰਾਕੇਸ਼ ਕੁਮਾਰ ਵੱਲੋਂ ਮ੍ਰਿਤਕ ਕਰਮਚਾਰਨ ਦੇ ਪੰਜਵੀ ਅਤੇ ਦਸਵੀਂ ਦੇ ਪ੍ਰਮਾਣ ਪੱਤਰ ਦੀ ਕਾਪੀ ਸਬੂਤ ਵੱਜੋਂ ਜਮ੍ਹਾ ਕਰਵਾਈ ਗਈ ਹੈ। ਇਸਦੇ ਨਾਲ ਹੀ ਦਰਖਾਸਤਕਰਤਾ ਰਾਕੇਸ਼ ਨੇ ਵੀ ਆਪਣੀ ਨਵੀਂ ਜਨਮ ਮਿਤੀ 28.07.2002 ਹੋਣ ਦੇ ਸਬੂਤ ਵੱਜੋਂ ਪ੍ਰਮਾਣ ਪੱਤਰ ਅਤੇ ਨਵਾਂ ਆਧਾਰ ਕਾਰਡ ਜਮ੍ਹਾਂ ਕਰਵਾਇਆ ਹੈ।

ਉਕਤ ਕੇਸ ਸਬ ਕਮੇਟੀ ਦੀ ਮੀਟਿੰਗ ਮਿਤੀ 04.03.2024 ਨੂੰ ਏਜੰਡਾ ਨੰਬਰ 4 ਤੇ ਲਗਾਇਆ ਗਿਆ। ਸਬ-ਕਮੇਟੀ ਵੱਲੋਂ ਇਹ ਕੇਸ ਰੱਦ ਕੀਤਾ ਗਿਆ ਹੈ।

ਦਰਖਾਸਤਕਰਤਾ ਕਮਿਸ਼ਨਰ ਸਾਹਿਬ ਨੂੰ ਨਿੱਜੀ ਤੌਰ ਤੇ ਮਿਲਿਆ। ਦਰਖਾਸਤਕਰਤਾ ਦੀ ਬੇਨਤੀ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਕਮਿਸ਼ਨਰ ਸਾਹਿਬ ਜੀ ਨੇ ਤਰਸ ਦੇ ਆਧਾਰ ਤੇ ਨੌਕਰੀ ਸਬੰਧੀ ਕੇਸ ਫਿਰ ਤੋਂ ਵਿਚਾਰਨ ਲਈ ਕਿਹਾ ਹੈ।

ਉਕਤ ਅਨੁਸਾਰ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 406** | **ਪ੍ਰਵਾਨ ਹੈ।** |

**ਏਜੰਡਾ ਨੰਬਰ 14:**

ਰਿਪੋਰਟ ਸਿਹਤ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵੱਲੋਂ ਬਾਦਲ ਰੋਡ ਤੇ ਆਪਣਾ ਨਵਾਂ ਡਾਗ ਸਟਰਲਾਈਜ਼ੇਸ਼ਨ ਸੈਂਟਰ ਨੇੜੇ ਕ੍ਰਿਸ਼ਚਨ ਸੈਂਟਰਰ ਮੈਰੀਟੋਰੀਅਮ ਸਕੂਲ ਵਿਖੇ ਬਣਾਇਆ ਗਿਆ ਹੈ। ABC/ARV ਪ੍ਰੋਗਰਾਮ ਦੁਬਾਰਾ ਸ਼ੁਰੂ ਕਰਨ ਲਈ ਐਨੀਮਲ ਵੈਲਫੇਅਰ ਬੋਰਡ ਆਫ ਵੱਲੋਂ ਮਿਤੀ 19.09.2024 ਨੂੰ ਅਪਰੂਵਲ ਦਿੱਤੀ ਗਈ ਹੈ।

ਇਸ ਪ੍ਰੋਗਰਾਮ ਨੂੰ ਚਲਾਉਣ ਲਈ ਕੁੱਲ 84,43,339/- ਰੁਪਏ ਪ੍ਰਵਾਨਤ ਸਨ। ਸਾਲ 2023-2024 ਵਿੱਚ ਸਰਵੇ ਅਨੁਸਾਰ ਕੁੱਲ ਕੁੱਤੇ/ਕੁੱਤੀਆਂ ਦੀ ਸੰਖਿਆ 6825 with 10% deviation ਉਕਤ ਕੰਮ ਤੇ ਮਿਤੀ 01.06.2023 ਤੋਂ 21.02.2024 ਤੱਕ ਕੁੱਲ 73,44,621/- ਰੁਪਏ ਖਰਚ ਆ ਚੁੱਕਿਆ ਹੈ ਅਤੇ ਇਸ ਪ੍ਰੋਜੈਕਟ ਲਈ ਪ੍ਰਵਾਨਤ ਰਾਸ਼ੀ ਦੇ 10,98,718/- ਰੁਪਏ ਬਾਕੀ ਹਨ। ਜਿਸ ਨਾਲ 1251/- ਰੁਪਏ ਪ੍ਰਤੀ ਕੁੱਤਾ/ਕੁੱਤੀ ਦੇ ਹਿਸਾਬ ਨਾਲ ਲਗਭਗ 878 ਕੁੱਤੇ/ ਕੁੱਤੀਆਂ ਦੀ ਸਟਰਲਾਈਜ਼ੇਸ਼ਨ ਕੀਤੀ ਜਾ ਸਕਦੀ ਹੈ।

ਇੱਥੇ ਇਹ ਵੀ ਦਸਣਾ ਉਚਿਤ ਹੋਵੇਗਾ ਕਿ ਮਾਨਯੋਗ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਮਿਤੀ 11.06.2024 ਨੂੰ The Care of Animal and Society ਨੂੰ ਇੱਕ ਸਾਲ ਦਾ ਵਾਧਾ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ ਅਤੇ ਦਫਤਰ ਦਾ ਡਾਇਰੀ ਪੱਤਰ ਨੰਬਰ 6290 ਮਿਤੀ 01.10.2024 ਰਾਹੀਂ ਉਕਤ ਸੋਸਾਇਟੀ ਨੇ ਏ.ਬੀ.ਸੀ. ਏ.ਆਰ.ਵੀ. ਪ੍ਰੋਗਰਾਮ ਚਲਾਉਣ ਦੀ ਮੰਗ ਕੀਤੀ ਹੈ। ਏ.ਬੀ.ਸੀ./ ਏ.ਆਰ.ਵੀ ਪ੍ਰੋਗਰਾਮ ਸ਼ੁਰੂ ਕਰਨ ਤੋਂ ਪਹਿਲਾਂ ਅਵਾਰਾ ਕੁੱਤਿਆਂ/ਕੁੱਤੀਆਂ ਦਾ ਸਰਵੇ ਮਿਤੀ 04.10.2024 ਤੋਂ 07.10.2024 ਤੱਕ ਦੁਬਾਰਾ ਕਰਵਾਇਆ ਗਿਆ। ਕਿਉਂਕਿ ਮਹੀਨਾ ਫਰਵਰੀ 2024 ਤੋਂ ਅਕਤੂਬਰ 2024 ਤੱਕ ਇਹ ਪ੍ਰੋਗਰਾਮ ਬੰਦ ਰਿਹਾ ਹੈ, ਜਿਸ ਕਾਰਨ ਕੁੱਤਿਆਂ/ਕੁੱਤੀਆਂਦੀ ਜਨਸੰਖਿਆ ਵਿੱਚ ਵੀ ਵਾਧਾ ਹੋਇਆ ਹੈ। ਇਸ ਲਈ ਪ੍ਰੋਗਰਾਮ ਸ਼ੁਰੂ ਕਰਨ ਤੋਂ ਪਹਿਲਾਂ ਸਰਵੇ ਕਰਵਾਉਣਾ ਜਰੂਰੀ ਸੀ। ਸਰਵੇ ਦੌਰਾਨ Total Sterlized Dogs in 10 wards which is then multiplied by factor 5, i.e. 1158x5 = 5790 roaming sterilized street dogs found in Bathinda City. The deviation (10%). Total no. of sterilized street dogs is 5790+579 ਸਰਵੇ ਰਿਪੋਰਟ ਅਨੁਸਾਰ 5790x1251/- ਰੁਪਏ ਪ੍ਰਤੀ ਕੁੱਤਾ/ਕੁੱਤੀ ਨਸਬੰਦੀ/ਨਲਬੰਦੀ ਕਰਨ ਤੇ 72,43,290/- ਰੁਪਏ ਖਰਚ ਆਉਣ ਦਦਾ ਅਨੁਮਾਨ ਹੈ। ਇਸ ਸਬੰਧੀ ਸੈਨਟਰੀ ਇੰਸਪੈਕਟਰ ਦੀ ਰਿਪੋਰਟ ਮੁਤਾਬਿਕ ਸਰਵੇ ਰਿਪੋਰਟ ਅਨੁਸਾਰ ਸ਼ਹਿਰ ਵਿੱਚ 5430 unsterlized dogs ਹਨ (+10% deviation), ਜਿਸ ਲਈ ਲਗਭਗ 5430x1251=67,92,930/- ਰੁਪਏ ਦੀ ਲੋੜ੍ਹ ਹੈ।

ਇਸ ਉਪਰੰਤ ਮਿਤੀ 21.11.2024 ਨੂੰ ਮਾਨਯੋਗ ਕਮਿਸ਼ਨਰ-ਕਮ ਚੇਅਰਮੈਨ, ਲੋਕਲ ਐਨੀਮਲ ਬਰਥ ਕੰਟਰੋਲ ਕਮੇਟੀ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਸਮੂਹ ਕਮੇਟੀ ਮੈਂਬਰਾਨ ਵੱਲੋਂ ਮਿਤੀ

04.10.2024, 05.10.2024, 06.10.2024 ਅਤੇ ਮਿਤੀ 07.10.2024 ਨੂੰ ਕਰਵਾਏ ਗਏ ਸਰਵੇ ਨੂੰ ਪ੍ਰਵਾਨਗੀ ਦਿੱਤੀ ਗਈ ਹੈ।

ਉਕਤ ਕੰਮ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| ਮਤਾ ਨੰਬਰ 407 | ਪ੍ਰਵਾਨ ਹੈ। |
|---|---|

**ਏਜੰਡਾ ਨੰਬਰ 15:**

ਰਿਪੋਰਟ ਵਰਕਸ ਸ਼ਾਖਾ ਕਿ ਨਗਰ ਨਿਗਮ ਵੱਲੋਂ ਬਣਵਾਏ ਗਏ ਬਲਵੰਤ ਗਾਰਗੀ ਆਡੀਟੋਰੀਅਮ ਨੂੰ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਚਲਾਇਆ ਜਾਣਾ ਹੈ। ਜਿਸ ਖਾਤਰ ਨਗਰ ਨਿਗਮ ਜਨਰਲ ਹਾਊਸ ਵੱਲੋਂ ਮਤਾ ਨੰਬਰ 356 (92) ਮਿਤੀ 30.10.2024 ਰਾਹੀਂ ਤਖਮੀਨਾ ਮੁਬਲਿਗ 26.52 ਲੱਖ ਰੁਪਏ (ਇੱਕ ਸਾਲ) ਦਾ ਪਾਸ ਕੀਤਾ ਗਿਆ ਸੀ। ਉਕਤ ਤਖਮੀਨੇ ਮੁਤਾਬਿਕ ਆਡੀਟੋਰੀਅਮ ਵਿਖੇ 1 ਮੈਨੇਜ਼ਰ, 1 ਟੈਕਨੀਕਲ ਅਸੀਸਟੈਂਟ, 2 ਇਲੈਕਟ੍ਰਿਸ਼ਿਅਨ, 3 ਸਕਿਉਰਟੀ ਗਾਰਡ ਅਤੇ 6 ਸਫਾਈ ਕਰਮਚਾਰੀ ਰੱਖਣੇ ਪਾਸ ਕੀਤੇ ਗਏ ਸਨ।

ਪਰੰਤੂ ਆਡੀਟੋਰੀਅਮ ਚਲਾਉਣ ਉਪਰੰਤ ਪਾਇਆ ਗਿਆ ਕਿ ਇਸ ਆਡੀਟੋਰੀਅਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹੇਠ ਲਿਖੇ ਸਟਾਫ ਦੀ ਜਰੂਰਤ ਹੈ:

| Sr No. | Description | No. | Remarks |
|---|---|---|---|
| **1** | **Auditorium Hall** | | |
| a | Experienced Cleaning Staff | 6 | As the interiors of the auditorium hall are very delicate items, it require frequent maintenance and cleaning. Our existing Safai Karamcharisare not enough trained to do this delicate job. So experienced housekeeping staff is required to maintain the inner Hall. |
| b | Supervisor | 1 | One supervisor is required to look after the cleaning of Auditorium Hall. |
| | | | |
| **2** | **Guest House** | | |
| a | Safai Sewak | 2 | 2 safaikaramchari are required to maintain the Guest house area |
| | | | |
| **3** | **General Staff** | | |
| a | Manager | 1 | To manage whole area including auditorium cleanliness, proper working of auditorium hall, guest house, seminar halls. Maintain General discipline and collect payments. |
| b | Assistant Manager | 1 | To assist the manager. |
| c | Helper | 3 | To attend guests himself, to attend all requirements of guests, to remain in guest house permanently. Provide all services to the guests such as blanket / tea / coffee / drinking water / sanitation / heater / geyser etc. Report to Assistant Manager directly and Lisson for any kind of service at any time. |
| d | Sound and light system operators | 1 | One main operator and 2 Helpers/Assistants. |
| e | Sound and light system assistant | 2 | One main operator and 2 Helpers/Assistants |

| | | | |
|---|---|---|---|
| f | Electricians | 2 | for whole area electric work repairs and maintenance. |
| g | Peon | 1 | To cater the general public for inquiry. |
| h | Security Guard | 5 | one in each day shift and 2 in night shift and 1 for reliever. |
| **Note: General cleaning of whole auditorium except Hall is to be done by Sanitation staff.** | | | |

ਉਕਤ ਸਬੰਧੀ ਬਾਜਾਰ ਵਿੱਚ ਘੋਖਣ ਉਪਰੰਤ ਅਤੇ ਸਟਾਫ ਸਪਲਾਈ ਕਰਨ ਵਾਲੀਆਂ ਏਜੰਸੀਆਂ ਜਿਵੇਂ ਕਿ ਗਰੇਟੀਸ ਇੰਡੀਆ ਆਦਿ ਨਾਲ ਤਾਲਮੇਲ ਕੀਤਾ ਗਿਆ। ਉਨ੍ਹਾਂ ਵੱਲੋਂ ਦਸਿਆ ਗਿਆ ਕਿ ਉਕਤ ਕੰਮ ਖਾਤਰ Qualified ਮੈਨੇਜ਼ਰ ਲਈ 45000-50000 ਰੁਪਏ ਪ੍ਰਤੀ ਮਹੀਨਾ ਤਨਖਾਹ, ਸਾਊਂਡ ਸਿਸਟਮ ਆਪਰੇਟਰ ਲਈ 35000-40000 ਰੁਪਏ ਪ੍ਰਤੀ ਮਹੀਨਾ ਤਨਖਾਹ ਅਤੇ ਸਹਾਇਕ ਸਾਊਂਡ ਅਤੇ ਲਾਈਟ ਆਪਰੇਟਰ ਲਈ 25000-30000 ਰੁਪਏ ਪ੍ਰਤੀ ਮਹੀਨਾ ਲੋੜੀਂਦੀ ਹੋਵੇਗੀ। ਕਿਉਂ ਜੋ ਨਿਗਮ ਵੱਲੋਂ ਬਣਵਾਏ ਗਏ ਆਡੀਟੋਰੀਅਮ ਵਿਖੇ ਬੜੀ ਹੀ ਉੱਚ ਸਪੈਸੀਫਿਕੇਸ਼ਨਾਂ ਦੀ ਲਾਈਟ ਅਤੇ ਸਾਊਂਡ ਸਿਟਮ ਦੀ ਵਰਤੋਂ ਕੀਤੀ ਗਈ ਹੈ। ਇਸ ਲਈ ਇੰਨ੍ਹਾਂ ਨੂੰ ਚਲਾਉਣ ਖਾਤਰ ਉਕਤ ਮੰਗੀ ਗਈ ਤਨਖਾਹ ਦੇਣੀ ਯੋਗ ਹੋਵੇਗੀ। ਜੇਕਰ ਇੰਨ੍ਹਾਂ ਸਟਾਫ ਨੂੰ ਇਸ ਹਿਸਾਬ ਨਾਲ ਤਨਖਾਹ ਦਿੱਤੀ ਜਾਂਦੀ ਹੈ ਤਾਂ ਕੁੱਲ ਖਰਚ (ਇੱਕ ਸਾਲ) ਦਾ ਹੇਠ ਲਿਖੇ ਅਨੁਸਾਰ ਆਵੇਗਾ:

| Sr No. | Description | No. | Monthly Salary (including contractor profit, ESIC & EPF) | Total Monthly Expenditure |
|---|---|---|---|---|
| **1** | **Auditorium Hall** | | | |
| a | Experienced Cleaning Staff | 6 | 12943.54 | 77661.00 |
| b | Supervisor | 1 | 13869.79 | 13870.00 |
| | | | | 0 |
| **2** | **Guest House** | | | **0** |
| a | Safai Sewak | 2 | 12943.54 | 27887.00 |
| | | | | 0 |
| **3** | **General Staff** | | | **0** |
| a | Manager | 1 | 53437.50 | 53437.00 |
| b | Assistant Manager | 1 | 16160.48 | 16160.00 |
| c | Helper | 3 | 12943.54 | 38831.00 |
| d | Sound and light system operators | 1 | 40562.50 | 40562.00 |
| e | Sound and light system assistant | 2 | 29687.50 | 59375.00 |
| f | Electricians | 2 | 14934.98 | 29870.00 |
| G | Peon | 1 | 12943.54 | 12944.00 |
| H | Security Guard | 5 | 21307.00 | 106535.00 |
| | | | **Total Monthly Expenditure** | **4,77,132.00** |
| | | | **Add extra for provision for increasing in DC rates 5%** | **23,857.00** |
| | | | **Grand Total** | **5,00,989.00** |
| | | | **Annual expenditure** | **60,11,868.00** |

**Note: General cleaning of whole auditorium except Hall is to be done by Sanitation staff.**

ਉਕਤ ਅਨੁਸਾਰ ਸੋਧੇ ਹੋਏ ਤਖਮੀਨਾ ਮੁਬਲਿਗ 60.12 ਲੱਖ ਰੁਪਏ ਦੀ ਤਕਨੀਕੀ ਅਤੇ ਪ੍ਰਸ਼ਾਸਕੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 408 | **ਪਾਸ ਕੀਤਾ ਜਾਂਦਾ ਹੈ ਕਿ Sound and light system operators ਅਤੇ Sound and light system assistants ਦੀ ਤਜਵੀਜਤ ਤਨਖਾਹ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਮਿਤੀ 31.03.2025 ਤੱਕ ਅਤੇ ਬਾਕੀ ਦੀਆਂ ਆਸਾਮੀਆਂ ਨੂੰ ਭਰਨ ਲਈ ਡੀ.ਸੀ. ਰੇਟਾਂ ਤੇ ਰੱਖਣਾ ਪਾਸ ਕੀਤਾ ਜਾਂਦਾ ਹੈ।** |

## ਇਸ ਉਪਰੰਤ ਹੇਠ ਲਿਖੇ ਅਨੁਸਾਰ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ:

**ਏਜੰਡਾ ਨੰਬਰ 1:**

ਰਿਪੋਰਟ ਵਰਕਸ ਸ਼ਾਖਾ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:

| Sr. No. | Name of Work | Estimate (in lac) |
|---|---|---|
| 1. | Const. of metelled road and 20mm thick PC in Adarsh Nagar St. No. 16 and branches Zone No. 6 | 45.64 |
| 2. | S/Laying 60mm thick Interlocking Tiles Street No. 1/6 and branches of Adarsh Nagar Zone No. 5 | 12.07 |
| 3. | Const. of metelled road in 31/A and 31/B Lal Singh Basti Ward No. 40 Zone No. 7 | 16.12 |
| 4. | S/Laying 60mm thick I/L Tiles for raising Street No. 7 Paras Ram Nagar Zone No. 6 | 4.98 |
| 5. | P/L PC in streets of Aggarsain Nagar and its adjoining branches | 12.11 |

ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 409 | **ਪ੍ਰਵਾਨ ਹੈ।** |

**ਏਜੰਡਾ ਨੰਬਰ 2:**

ਰਿਪੋਰਟ ਸਿਹਤ ਸ਼ਾਖਾ ਕਿ ਬਠਿੰਡਾ ਹੋਟਲ, ਰੈਸਟੋਰੈਂਟ ਰਿਜ਼ੋਰਟ ਐਸੋਸੀਏਸ਼ਨ ਦੇ ਨੁਮਾਇੰਦੇ ਮਿਤੀ 28.11.2024 ਨੂੰ ਮਾਨਯੋਗ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੂੰ ਮਿਲੇ, ਜਿਸ ਵਿੱਚ ਨਗਰ ਨਿਗਮ ਵੱਲੋ ਸਰਕਾਰ ਦੇ ਨੋਟੀਫਿਕੇਸ਼ਨ ਨੰਬਰ 16/10(4)/2016-5LG3 dated 16.12.2016 ਸਬੰਧੀ ਵਿਚਾਰ ਕੀਤਾ ਗਿਆ, ਜਿਸ ਵਿੱਚ ਉਹਨਾਂ ਵੱਲੋਂ ਗਾਰਬੇਜ਼ ਯੂਜ਼ਰ ਚਾਰਜ਼ਿਜ਼ ਪਿਛਲੇ ਪੰਜ ਸਾਲਾਂ ਦਾ ਮਾਫ ਕਰਨ ਲਈ ਬੇਨਤੀ ਕੀਤੀ ਗਈ। ਜਿਸ ਵਿੱਚ ਕਰੋਨਾ ਟਾਈਮ ਵੀ ਸ਼ਾਮਲ ਹੈ। ਇਸਦਾ ਉਹਨਾਂ ਵੱਲੋਂ ਹਵਾਲਾ ਦਿੱਤਾ ਗਿਆ ਕਿ ਇਸ ਸਮੇਂ ਸਾਡਾ ਕੰਮ ਬੰਦ ਰਿਹਾ, ਜਿਸ ਤੇ ਕਾਫੀ ਵਿਚਾਰ ਵਟਾਂਦਰਾ ਕਰਨ ਉਪਰੰਤ ਇਹ ਬਠਿੰਡਾ ਹੋਟਲ ਰੈਸਟੋਰੈਂਟ ਰਿਜ਼ੋਰਟ ਐਸੋਸੀਏਸ਼ਨ ਇਸ ਗੱਲ ਤੇ ਮਾਨਯੋਗ ਕਮਿਸ਼ਨਰ ਸਾਹਿਬ ਜੀ ਵੱਲੋਂ ਉਹਨਾਂ ਨੂੰ ਸਹਿਮਤ ਕਰ ਲਿੱਤਾ ਕਿ ਪਿਛਲੇ ਰਹਿੰਦੇ ਬਕਾਇਆ ਗਾਰਬੇਜ਼ ਯੂਜ਼ਰ ਚਾਰਜ਼ ਦਾ ਅੱਧਾ ਬਕਾਇਆ ਜਮ੍ਹਾਂ ਕਰਵਾ ਦਿੱਤਾ ਜਾਵੇਗਾ ਅਤੇ ਚਲਦੇ ਸਾਲ ਤੋਂ ਇਹ ਚਾਰਜ਼ਿਜ਼ ਪੂਰੇ ਲਏ ਜਾਣਗੇ ਜੀ।

ਇਸ ਸਬੰਧੀ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ "As these people are not paying since long and MCB is losing money due to deadlock. It is, therefore, proposed that whatever is chargeable from these people against User Charges and Cow Cess till 30.04.2024, 50% of the same may be received from them and thereafter the charges shall be as per prevailing rate (full rate). For consideration, please".

ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਰਿਪੋਰਟ ਕੀਤੀ ਹੈ ਕਿ "Ok. Table in House for decision please for garbage & cow cess".

ਕੇਸ ਹਾਊਸ ਦੇ ਵਿਚਾਰ ਹਿੱਤ।

| ਮਤਾ ਨੰਬਰ 410 | ਪ੍ਰਵਾਨ ਹੈ। |
|---|---|

**ਇਸਤੇ ਵਿਰੋਧ ਕਰਦੇ ਹੋਏ ਸ਼੍ਰੀ ਹਰਵਿੰਦਰ ਸਿੰਘ ਕੌਂਸਲਰ ਨੇ ਕਿਹਾ ਕਿ ਬਠਿੰਡਾ ਸ਼ਹਿਰ ਦੇ ਹੋਟਲ ਮਾਲਕਾਂ ਵੱਲੋਂ ਕਦੇ ਵੀ ਸਮਾਜ ਭਲਾਈ ਦਾ ਕੰਮ ਨਹੀਂ ਕੀਤਾ ਜਾਂਦਾ ਅਤੇ ਨਾ ਹੀ ਸ਼ਹਿਰ ਵਿੱਚ ਵਸਦੇ ਕਿਸੇ ਗਰੀਬ ਪਰਿਵਾਰਾਂ ਨੂੰ ਕਿਸੇ ਕਿਸਮ ਦੀ ਕੋਈ ਛੋਟ ਦਿੱਤੀ ਹੈ। ਇਸ ਲਈ ਇਹਨਾਂ ਨੂੰ ਕਿਸੇ ਕਿਸਮ ਦੀ ਛੋਟ ਦੇਣਾ ਇਤਰਾਜ਼ਯੋਗ ਹੈ।**

**ਏਜੰਡਾ ਨੰਬਰ 3:**

ਰਿਪੋਰਟ ਬਿਲਡਿੰਗ ਸ਼ਾਖਾ ਕਿ ਅਫੀਮ ਵਾਲੀ ਗਲੀ, ਨੇੜੇ ਸਿਰਕੀ ਬਾਜਾਰ ਨੂੰ ਰਿਹਾਇਸ਼ੀ ਤੋਂ ਕਮਰਸ਼ੀਅਲ ਘੋਸ਼ਿਤ ਕਰਨ ਸਬੰਧੀ ਇਲਾਕਾ ਨਿਵਾਸੀਆਂ ਵੱਲੋਂ ਮਾਨਯੋਗ ਮੇਅਰ ਸਾਹਿਬ ਨੂੰ ਬੇਨਤੀ ਪੱਤਰ ਦਿੱਤਾ ਗਿਆ ਹੈ ਜੀ। ਇਸ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਅਫੀਮ ਵਾਲੀ ਗਲੀ ਦੇ ਨੇੜੇ ਸਿਰਕੀ ਬਾਜਾਰ ਅਤੇ ਬੈਂਕ ਬਾਜਾਰ ਲੱਗਦੇ ਹਨ। ਇਹ ਏਰੀਆ ਨਗਰ ਨਿਗਮ ਦੇ ਰਿਕਾਰਡ ਅਨੁਸਾਰ ਕੋਰ ਏਰੀਆ ਘੋਸ਼ਿਤ ਹੋਇਆ ਹੈ। ਮਾਸਟਰ ਪਲੈਨ ਦੀਆਂ ਯੂਨੀਫਾਇਡ ਗਾਈਡਲਾਈਨਜ਼ ਅਨੁਸਾਰ ਸ਼ਹਿਰ ਦਾ ਪੁਰਾਣਾ ਏਰੀਆ ਜਿਸ ਨੂੰ ਕਿ ਟਾਊਨ ਐਂਡ ਕੰਟਰੀ ਵਿਭਾਗ ਵੱਲੋਂ ਕੋਰ ਏਰੀਆ ਕਿਹਾ ਜਾਂਦਾ ਹੈ ਵਿੱਚ ਕਾਰੋਬਾਰੀ ਅਦਾਰੇ ਆਗਿਆ ਯੋਗ ਹਨ। ਪੰਜਾਬ ਦੀਆਂ ਬਾਕੀ ਨਗਰ ਕਾਰਪੋਰੇਸ਼ਨ ਅਤੇ ਨਗਰ ਕੌਂਸਲਾਂ ਵਿੱਚ ਮਾਸਟਰ ਪਲੈਨ ਦੀਆਂ ਹਦਾਇਤਾਂ ਅਨੁਸਾਰ ਕੋਰ ਏਰੀਏ/ ਲਾਲ ਡੋਰੇ ਅੰਦਰ ਕਾਰੋਬਾਰੀ ਇਮਾਰਤਾਂ ਆਗਿਆ ਯੋਗ ਹਨ। ਪਰ ਨਗਰ ਨਿਗਮ ਬਠਿੰਡਾ ਵਿੱਚ ਅਜਿਹੀ ਗਤੀਵਿਧੀਆਂ ਦਾ ਫੈਸਲਾ ਮੁੱਢ ਤੋਂ ਜਨਰਲ ਹਾਊਸ ਵੱਲੋਂ ਲਿਆ ਜਾਂਦਾ ਹੈ।

ਉਕਤ ਸਬੰਧੀ ਮਿਊਂਸਪਲ ਟਾਊਨ ਪਲੈਨਰ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ "ਉਕਤ ਰਿਪੋਰਟ ਤੋਂ ਇਲਾਵਾ ਉਚੇਚੇ ਧਿਆਨ ਹਿੱਤ ਲਿਆਇਆ ਜਾਂਦਾ ਹੈ ਕਿ ਅਫੀਮ ਵਾਲੀ ਗਲੀ ਦੇ ਅੱਧ ਤੱਕ ਪਹਿਲਾਂ ਹੀ ਨਾ ਕੇਵਲ ਕਾਰੋਬਾਰੀ ਅਦਾਰੇ ਚੱਲ ਰਹੇ ਹਨ, ਸਗੋਂ ਨਗਰ ਸੁਧਾਰ ਟਰੱਸਟ, ਬਠਿੰਡਾ ਵੱਲੋਂ ਵੀ ਇਸ ਗਲੀ ਵਿੱਚ ਆਪਣੀ ਕਾਰੋਬਾਰੀ ਮਾਰਕੀਟ ਦੇ ਐਸ.ਸੀ.ਓ ਵਾਸਤੇ ਪਲਾਟ ਵੇਚੇ ਹੋਏ ਹਨ। ਇਹ ਗਲੀ ਸਿਰਕੀ ਬਾਜਾਰ ਤੋਂ ਬਾਅਦ ਵਿੱਚ ਆਉਂਦੀ ਹੈ ਅਤੇ ਸਿਰਕੀ ਬਾਜਾਰ ਦੇ ਬਹੁਤ ਸਾਰੇ ਸ਼ੋ ਰੂਮਾਂ ਦੀ ਓਪਨਿੰਗ ਇਸ ਗਲੀ ਵਾਲੇ ਪਾਸੇ ਮੁੱਢ ਕਦੀਮਾਂ ਤੋਂ ਹੀ ਕੀਤੀ ਹੋਈ ਹੈ। ਇਸ ਗਲੀ ਦੇ ਵਸਨੀਕ ਡਾ: ਵਿਤੁਲ ਕੇ ਗੁਪਤਾ ਜੀ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਇੱਕ ਕੇਸ ਸੀ.ਡਬਲਿਊ.ਪੀ. ਨੰਬਰ 607 ਆਫ 2006 ਦਾਇਰ ਕੀਤਾ ਹੋਇਆ ਸੀ, ਜਿਸ ਵਿੱਚ ਨਗਰ ਨਿਗਮ ਨੂੰ ਯੋਗ ਕਾਰਵਾਈ ਕਰਨ ਦੇ ਆਦੇਸ਼ ਹੋਏ ਹਨ। ਸਮਾਂ ਬੀਤਣ ਉਪਰੰਤ ਵੀ ਨਗਰ ਨਿਗਮ ਵੱਲੋਂ ਚੱਲ ਰਹੇ ਅਣ-ਅਧਿਕਾਰਤ ਅਦਾਰਿਆਂ ਵਿਰੁੱਧ ਕਾਰਵਾਈ ਨਾ ਕਰਨ ਕਰਕੇ, ਗਲੀ ਦੇ ਵਸਨੀਕ ਡਾ: ਵਿਤੁਲ ਕੇ ਗੁਪਤਾ ਜੀ ਵੱਲੋਂ ਨਗਰ ਨਿਗਮ ਦੇ ਵਿਰੁੱਧ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਕੰਟੈਂਪਟ ਆਫ ਕੋਰਟ ਆਫ ਪਟੀਸ਼ਨ 659 ਆਫ 2021 ਦਾਇਰ ਕੀਤੀ ਗਈ। ਜਿਸ ਤੇ ਪਟੀਸ਼ਨਰ ਨੂੰ ਨਾਲ ਲਿਜਾ ਕੇ ਜਿਹੜੇ ਅਦਾਰੇ ਕਾਰੋਬਾਰੀ ਮੰਤਵ ਵਾਸਤੇ ਅਣ-ਅਧਿਕਾਰਤ ਤਰੀਕੇ ਨਾਲ ਚੱਲ ਰਹੇ ਸਨ, ਨੂੰ ਨਗਰ ਨਿਗਮ ਬਠਿੰਡਾ ਵੱਲੋਂ ਖਾਲੀ ਕਰਵਾ ਕੇ ਸੀਲ ਕਰ ਦਿੱਤਾ ਗਿਆ ਸੀ। ਮਿਤੀ 22.08.2024 ਨੂੰ ਮਾਨਯੋਗ ਜਸਟਿਸ ਜੀ ਵੱਲੋਂ ਕੇਸ ਡਿਸਮਿਸ ਕਰ ਦਿੱਤਾ ਗਿਆ ਸੀ, ਕਿਉਂ ਜੋ ਪਟੀਸ਼ਨਰ ਦੇ ਵਕੀਲ ਵੱਲੋਂ ਮਾਨਯੋਗ ਅਦਾਲਤ ਵਿੱਚ ਇਹ ਸਟੇਟਮੈਂਟ ਦਿੱਤੀ ਕਿ "ਉਹ ਇਸ ਸੀ.ਓ.ਸੀ.ਪੀ. ਤੇ ਹੋਰ ਕਾਰਵਾਈ ਨਹੀਂ ਕਰਵਾਉਣੀ ਚਾਹੁੰਦਾ"।

ਹੁਣ ਸਮੂਹ ਮੁੱਹਲਾ ਨਿਵਾਸੀਆਂ ਵੱਲੋਂ ਮਾਨਯੋਗ ਐਕਟਿੰਗ ਮੇਅਰ, ਨਗਰ ਨਿਗਮ ਬਠਿੰਡਾ ਜੀ ਪਾਸ ਇਹ ਬੇਨਤੀ ਕੀਤੀ ਹੈ ਕਿ ਇਸ ਅਫੀਮ ਵਾਲੀ ਗਲੀ ਨੂੰ ਕੋਰ ਏਰੀਆ ਹੋਣ ਕਰਕੇ ਕਾਰੋਬਾਰੀ ਘੋਸ਼ਿਤ ਕੀਤਾ ਜਾਵੇ, ਬਾਰੇ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਗਲੀ ਬਠਿੰਡਾ ਸ਼ਹਿਰ ਦੀ ਸੱਭ ਤੋਂ ਪੁਰਾਣੀ ਗਲੀ ਹੈ ਅਤੇ ਕੋਰ ਏਰੀਏ ਅਧੀਨ ਆਉਂਦੀ ਹੈ। ਕੋਰ ਏਰੀਆ ਦੀ ਪਰਿਭਾਸ਼ਾ "Urban cores are defined as areas that have high population densities (7500 per square mile or 2900 per square kilometer or more) and high transit, walking and cycling work trip market shares (20 percent or more). Urban cores also include non-exurban sectors with median house construction" ਅਨੁਸਾਰ ਇਸ ਗਲੀ ਵਿੱਚ ਕਾਰੋਬਾਰੀ ਅਦਾਰੇ ਆਗਿਆ ਯੋਗ ਕੀਤੇ ਜਾ ਸਕਦੇ ਹਨ। ਪਰੰਤੂ ਜੇਕਰ ਮਾਨਯੋਗ ਜਨਰਲ ਹਾਊਸ ਇਸਦੀ ਪ੍ਰਵਾਨਗੀ ਦੇ ਦਿੰਦਾ ਹੈ।

ਇਸ ਉਪਰੰਤ ਮਿਤੀ 28.11.2024 ਨੂੰ ਉਕਤ ਦਰਸਾਈ ਗਲੀ ਦੇ ਵਸਨੀਕ ਡਾ: ਵਿਤੁਲ ਗੁਪਤਾ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਸੀ.ਡਬਲਿਊ.ਪੀ. 607 ਆਫ 2006, ਗਲੀ ਵਿੱਚ ਚੱਲ ਰਹੀਆਂ ਅਣ-ਅਧਿਕਾਰਤ ਉਸਾਰੀਆਂ ਵਿਰੁੱਧ ਦਾਇਰ ਕੀਤੀ ਸੀ, ਦਾ ਓਬਜ਼ੈਕਸ਼ਨ ਇਸ ਦਫਤਰ ਵਿੱਚ ਪ੍ਰਾਪਤ ਹੋਇਆ ਹੈ। ਆਪਣੇ ਓਬਜੈਕਸ਼ਨ ਵਿੱਚ ਉਨ੍ਹਾਂ ਵੱਲੋਂ ਇਤਰਾਜ਼ ਕੀਤਾ ਹੈ ਕਿ:

1. ਅਫੀਮ ਵਾਲੀ ਗਲੀ ਵਿੱਚ ਰਿਹਾਇਸ਼ੀ ਕੁਨੈਕਸ਼ਨ ਹੀ ਚੱਲ ਰਹੇ ਹਨ।
2. ਪੂਰੀ ਗਲੀ ਬਲਾਇੰਡ ਅਤੇ ਤੰਗ ਹੋਣ ਕਰਕੇ ਨੈਸ਼ਨਲ ਬਿਲਡਿੰਗ ਕੋਡ ਦੀਆਂ ਹਦਾਇਤਾਂ ਦੀ ਪਾਲਣਾਂ ਨਹੀਂ ਕਰਦੀ।
3. ਇਸ ਗਲੀ ਵਿਚ ਫਾਇਰ ਨਾਰਮਜ਼ ਦੀਆਂ ਹਦਾਇਤਾਂ ਦੀ ਪਾਲਣਾਂ ਨਹੀਂ ਹੋ ਸਕਦੀ।
4. ਇਹ ਗਲੀ ਵਿੱਚ ਰਹਿੰਦੇ ਵਸਨੀਕ ਵੱਖ-ਵੱਖ ਪ੍ਰਦੂਸ਼ਣ ਦੇ ਪ੍ਰਭਾਵ ਹੇਠ ਰਹਿਣਗੇ।
5. ਜੇਕਰ ਗਲੀ ਕਮਰੀਸ਼ਅਲ ਹੋ ਜਾਂਦੀ ਹੈ ਤਾਂ ਗੰਦਗੀ ਵੱਧਣ ਤੇ ਆਸਾਰ ਹਨ।
6. ਗਲੀ ਦੇ ਕਮਰਸ਼ੀਅਲ ਲਾਈਜੇਗ਼ਨ ਹੋਣ ਤੇ ਵਾਧੂ ਭੀੜ ਅਤੇ ਪੋਲੂਸ਼ਨ ਅਤੇ ਲੋਕਾਂ ਦੀ ਪ੍ਰਾਈਵੇਸੀ ਆਦਿ ਡਿਸਟਰਬ ਹੋਵੇਗੀ, ਆਦਿ-ਆਦਿ ਦਲੀਆਂ ਦਿੱਤੀਆਂ ਹਨ। ਜਿਸ ਦੀ ਕਾਪੀ ਨਾਲ ਨੱਥੀ ਹੈ। ਇਸ ਤੋਂ ਇਲਾਵਾ ਬਿਨੈਕਾਰ ਨੇ ਮਾਨਯੋਗ ਕਮਿਸ਼ਨਰ ਜੀ ਪਾਸ ਨਿੱਜੀ ਤੋਰ ਤੇ ਪੇਸ਼ ਹੋ ਕੇ ਬੇਨਤੀ ਕੀਤੀ ਹੈ ਕਿ ਉਕਤ ਅਫੀਮ ਵਾਲੀ ਗਲੀ ਨੂੰ ਉੱਥੇ ਤੱਕ ਕਮਰਸ਼ੀਅਲ ਕਰਨ ਤੇ ਬਾਕੀ ਮੁੱਹਲਾ ਵਸਨੀਕਾਂ ਨੂੰ ਇਤਰਾਜ਼ ਨਹੀਂ ਹੈ, ਜਿੱਥੇ ਤੱਕ ਇਹ ਗਲੀ ਮੇਨ ਬਾਜਾਰ ਦੀਆਂ ਉਸਾਰੀਆਂ ਦੇ ਆਰ-ਪਾਰ ਹੈ। ਉਕਤ ਮਤਾ ਨੰਬਰ 367 ਮਿਤੀ 30.10.2024 ਪ੍ਰਵਾਨ ਹੋ ਚੁੱਕਾ ਹੈ। ਪ੍ਰਾਪਤ ਹੋਏ ਇਤਰਾਜ਼ ਤੇ ਗੋਰ ਕਰਨਾ ਜਾਂ ਨਾ ਕਰਨਾ ਕੇਵਲ ਅਤੇ ਕੇਵਲ ਮਾਨਯੋਗ ਜਨਰਲ ਹਾਊਸ ਦੇ ਅਧਿਕਾਰ ਖੇਤਰ ਅਧੀਨ ਹੈ। ਇਸ ਵਾਸਤੇ ਇਹ ਮੱਦ ਜਨਰਲ ਹਾਊਸ ਪਾਸ ਫੈਸਲਾ ਲੈਣ ਲਈ ਪੇਸ਼ ਕੀਤੀ ਜਾਣੀ ਬਣਦੀ ਹੈ।

ਮਾਨਯਗੋ ਕਮਿਸ਼ਨਰ ਜੀ ਪਾਸੋਂ ਪ੍ਰਸ਼ਾਸਕੀ ਪ੍ਰਵਾਨਗੀ ਪ੍ਰਾਪਤ ਕਰਨ ਉਪਰੰਤ ਮਾਨਯੋਗ ਮੇਅਰ ਜੀ ਨੂੰ ਜਨਰਲ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 410** | **ਡਾ: ਵਿਤੁਲ ਕੇ ਗੁਪਤਾ ਜੀ ਦੇ ਲੜੀ ਨੰਬਰ 1 ਤੋਂ 6 ਤੱਕ ਪ੍ਰਾਪਤ ਇਤਰਾਜ਼ਾਂ ਨੂੰ ਰੱਦ ਕਰਨਾ ਪਾਸ ਕੀਤਾ ਜਾਂਦਾ ਹੈ।** |

**ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਆਲ ਇੰਡੀਆ ਵੂਮੈਨ ਕਾਨਫਰੰਸ ਵਾਲੀ ਜਗ੍ਹਾ ਤੇ ਕਬਜਾ ਲੈਣ ਖਾਤਰ ਹਾਊਸ ਦੀ ਅਗਲੀ ਮੀਟਿੰਗ ਵਿੱਚ ਏਜੰਡਾ ਪੇਸ਼ ਕਰਨ ਦੀ ਮੰਗ ਕੀਤੀ।**

**ਆਖੀਰ ਵਿੱਚ ਮੀਟਿੰਗ ਧੰਨਵਾਦ ਨਾਲ ਖਤਮ ਕੀਤੀ ਗਈ।**

**ਸਹੀ/-**

**ਕਾਰਜਕਾਰੀ ਮੇਅਰ**
**-ਕਮ-ਸੀਨੀਅਰ ਡਿਪਟੀ ਮੇਅਰ**
**ਨਗਰ ਨਿਗਮ,ਬਠਿੰਡਾ।**